
RNI Registration No: PUNPUN/2015/61118

SO KAHIYAT HAI SOORA (MONTHLY)
Volume 9 Issue 06
June 2023, S.A.S. Nagar (Mohali)

ਜੂਨ 2023
ਜੇਠ-ਹਾੜ
੫੫੫ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



## ਅੱਖੀਂ ਡਿੱਠਾ ਜੂਨ ੧੯੮੪ ਦਾ ਘੱਲੂਘਾਰਾ

हੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




੩ ਜੂਨ, ੧੯੮੪ ਐਤਵਾਰ ਦਾ ਦਿਨ ਸੀ। ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਰੇਕ ਸਾਲ ਦੀ ਤਰ੍ਹਾਂ ਐਤਕੀਂ ਵੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਵਿਚਕਾਰ ਖੁੱਲ੍ਹੇ ਅਸਥਾਨ 'ਤੇ ਮਨਾਇਆ ਜਾਣਾ ਸੀ। ਅਸੀਂ ਕਰਫ਼ਿਊ ਲੱਗਾ ਹੋਣ ਕਰਕੇ ਉਥੇ ਨਾ ਜਾ ਸਕੇ। ਮਹੱਲੇ ਵਿਚੋਂ ਕੁਝ ਸਿੰਘਾਂ ਨੂੰ ਦੇਖ ਕੇ ਅਸੀਂ ਵੀ (ਕਰਫ਼ਿਊ ਵਿਚ ਦੋ ਘੰਟੇ ਦੀ ਢਿੱਲ ਹੋਣ ਕਰਕੇ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਮੇਰੇ ਨਾਲ ਲਗਭਗ ਤੇਰਾਂ ਸਾਲ ਦਾ ਇਕ ਲੜਕਾ ਕਾਕਾ ਗੁਰਮੁਖ ਸਿੰਘ ਸੀ। ਅਸੀਂ ਤਕਰੀਬਨ ਪੌਣੇ ਸੱਤ ਵਜੇ ਸ਼ਾਮ ਨੂੰ ਸਾਈਕਲਾਂ 'ਤੇ ਚੱਲੇ ਸਾਂ। ਅੱਗੇ ਬਾਜ਼ਾਰਾਂ ਵਿਚ ਮਿਲਟਰੀ ਕਾਫ਼ੀ ਆ ਚੁੱਕੀ ਸੀ। ਅਸੀਂ ਸੱਤ ਵੱਜ ਕੇ ਦਸ ਮਿੰਟ 'ਤੇ ਸ੍ਰੀ ਦਰਬਾਰ ਸਾਹਿਬ ਪੁੱਜ ਗਏ। ਉਥੇ ਜਾ ਕੇ ਪਤਾ ਲੱਗਾ ਕਿ ਕਰਫ਼ਿਊ ਸਾਢੇ ਸੱਤ ਵਜੇ ਬੰਦ ਹੋ ਜਾਣਾ ਹੈ, ਇਸ ਲਈ ਅਸੀਂ ਸਰਾਂ ਵਾਲੇ ਪਾਸੇ ਜੋੜੇ-ਘਰ ਵਿਚ ਜੋੜੇ ਤੇ ਸਾਈਕਲ ਰੱਖ ਕੇ ਕਾਹਲੀ-ਕਾਹਲੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਗਏ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਦਰਸ਼ਨ ਕਰਕੇ ਵਾਪਸੀ 'ਤੇ ਅਸੀਂ ਘੰਟਾ-ਘਰ ਵਾਲੇ ਪਾਸੇ ਡਿਓੜੀ ਤੋਂ ਸੰਗਤਾਂ ਤੋਂ ਪਤਾ ਕੀਤਾ ਕਿ ਇੱਧਰ ਦੀ ਘਰਾਂ ਨੂੰ ਵਾਪਸ ਜਾਣ ਦਿੰਦੇ ਹਨ ਕਿ ਨਹੀਂ।

SO KAHIYAT HAI
SOORA
(Monthly)
RNI NO: PUNPUN/2015/61118

Volume 9 Issue 06

ਸਰਪ੍ਰਸਤ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ
ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

ਕਾਰਜਕਾਰੀ ਸੰਪਾਦਕ
ਭਾਈ ਮਨਵੀਰ ਸਿੰਘ

ਕਾਨੂੰਨੀ ਸਲਾਹਕਾਰ
ਐਡਵੋਕੇਟ ਭਾਈ ਅਮਰਜੀਤ ਸਿੰਘ
ਅੰਮ੍ਰਿਤਸਰ

ਸਲਾਹਕਾਰ ਬੋਰਡ
ਭਾਈ ਹਰਦਿਆਲ ਸਿੰਘ ਗੁਰਦਾਸਪੁਰ,
ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,
ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,
ਭਾਈ ਇੰਦਰਜੀਤ ਸਿੰਘ ਵੈਨਕੂਵਰ।

ਮੁੱਖ ਦਫ਼ਤਰ
ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)
ਪਿੰਨ : 160059
ਫ਼ੋਨ ਨੰਬਰ : 93177-53202
e-mail : akjmagzine@yahoo.com

Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR

# ਸੰਪਾਦਕੀ

## ਜੂਨ ੧੯੮੪ ਦੇ ਫ਼ੌਜੀ ਹਮਲੇ ਦੀ ਯਾਦ

ਸ੍ਰੀ ਦਰਬਾਰ ਸਾਹਿਬ ’ਤੇ ਜੂਨ ੧੯੮੪ ਦੇ ਫ਼ੌਜੀ ਹਮਲੇ ਨੂੰ ੩੯ ਵਰ੍ਹੇ ਬੀਤ ਗਏ ਹਨ। ਹਿੰਦੁਸਤਾਨੀ ਹਕੂਮਤ ਵਲੋਂ ਸਿੱਖਾਂ ਦੇ ਜਾਨ ਤੋਂ ਪਿਆਰੇ ਗੁਰਧਾਮ ’ਤੇ ਕੀਤਾ ਗਿਆ ਇਹ ਹਮਲਾ ਸਿੱਖ ਇਤਿਹਾਸ ਦਾ ਤੀਜਾ ਘੱਲੂਘਾਰਾ ਹੈ, ਜਿਸ ਦੀ ਯਾਦ ਸਿੱਖ ਸਿਮਰਤੀ ਵਿਚ ਰਹਿੰਦੀ ਦੁਨੀਆ ਤੱਕ ਵਸੀ ਰਹੇਗੀ। ਫ਼ੌਜੀ ਹਮਲੇ ਤੋਂ ਬਾਅਦ ਉਪਰਾਮ ਹੋਈ ਸਿੱਖ ਮਾਨਸਿਕਤਾ ਇਨਸਾਫ਼ ਅਤੇ ਹੱਕ ਲੈਣ ਲਈ ਕਿਹੜਾ ਰਸਤਾ ਅਖ਼ਤਿਆਰ ਕਰੇ ? ਇਹ ਸਵਾਲ ਪਿਛਲੇ ੩੯ ਸਾਲਾਂ ਤੋਂ ਸਿੱਖ ਆਗੂਆਂ, ਬੁੱਧੀਜੀਵੀਆਂ ਅਤੇ ਵਿਦਵਾਨਾਂ ਤੋਂ ਹੱਲ ਨਹੀਂ ਹੋ ਸਕਿਆ। ਇਸੇ ਕਰਕੇ ੧੯੮੪ ਦੇ ਸਾਕੇ ਤੋਂ ਬਾਅਦ ਇਕ ਦਹਾਕਾ ਸਿੱਖਾਂ ਨੇ ਲਹੂ ਵੀਟਵੇਂ ਹਥਿਆਰਬੰਦ ਸੰਘਰਸ਼ ਦੌਰਾਨ ਵੀ ਵੱਡਾ ਸੰਤਾਪ ਝੱਲਿਆ ਅਤੇ ਸਥਿਤੀ ਅੱਜ ਮੁੜ ੧੯੮੪ ਤੋਂ ਪਹਿਲਾਂ ਵਾਲੀ ਹੀ ਹੈ। ਉਹੀ ਮੁੱਦੇ, ਉਹੀ ਸਮੱਸਿਆਵਾਂ ਅਤੇ ਹਕੂਮਤ ਦਾ ਰਵੱਈਆ ਵੀ ਹੱਕ ਮੰਗਣ ਦੀ ਸੂਰਤ ’ਚ ਸਿੱਖ ਕੌਮ ਪ੍ਰਤੀ ਓਹੀ ਹੈ, ਜੋ ੧੯੮੪ ਤੋਂ ਪਹਿਲਾਂ ਸੀ। ਪਰ ਅੱਜ ਕੀ ਕੀਤਾ ਜਾਵੇ ?

ਅਜੋਕੇ ਸੰਦਰਭ ’ਚ ਸਿੱਖ ਕੌਮ ਕੋਲ ਆਜ਼ਾਦੀ ਅਤੇ ਹੱਕਾਂ ਦੀ ਪ੍ਰਾਪਤੀ ਲਈ ਸਭ ਤੋਂ ਕਾਰਗਰ ਅਤੇ ਸਨਮਾਨਯੋਗ ਰਸਤਾ ਸਿੱਖ ਸਮੱਸਿਆਵਾਂ ਦਾ ਕੌਮਾਂਤਰੀਕਰਨ ਹੀ ਹੋਵੇਗਾ। ਕੋਈ ਵੀ ਦੇਸ਼ ਆਪਣੀ ਕੌਮਾਂਤਰੀ ਭਾਈਚਾਰੇ ਵਿਚ ਬਦਨਾਮੀ ਬਰਦਾਸ਼ਤ ਨਹੀਂ ਕਰ ਸਕਦਾ। ਨਵੰਬਰ ’੮੪ ਦੇ ਸਿੱਖ ਕਤਲੇਆਮ ਸਬੰਧੀ ਪਿਛਲੇ ਸਾਲਾਂ ਦੌਰਾਨ ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਦੀਆਂ ਮਨੁੱਖੀ ਅਧਿਕਾਰਾਂ ਦੀਆਂ ਅਦਾਲਤਾਂ ’ਚ ਸਿੱਖ ਜਥੇਬੰਦੀਆਂ ਵਲੋਂ ਪਾਏ ਗਏ ਕੇਸ ਸਾਡੇ ਸਾਹਮਣੇ ਸਫਲ ਉਦਾਹਰਨਾਂ ਹਨ। ਸਿੱਖ ਕਤਲੇਆਮ ਦੇ ਮੁੱਦੇ ਨੇ ਕੌਮਾਂਤਰੀ ਭਾਈਚਾਰੇ ਦਾ ਧਿਆਨ ਖਿੱਚਿਆ ਹੈ, ਜਿਸ ਕਾਰਨ ਹਿੰਦੁਸਤਾਨ ਨੂੰ ਸਿੱਖ ਕਤਲੇਆਮ ਦੇ ਮੁੱਦੇ ’ਤੇ ਕਾਫ਼ੀ ਦਬਾਅ ਝੱਲਣਾ ਪਿਆ। ਸ੍ਰੀ ਦਰਬਾਰ ਸਾਹਿਬ ’ਤੇ ੧੯੮੪ ਦੇ ਫ਼ੌਜੀ ਹਮਲੇ ਦਾ ਸੱਚ ਸਾਹਮਣੇ ਲਿਆਉਣ ਲਈ ਵੀ ਸੰਯੁਕਤ ਰਾਸ਼ਟਰ, ਐਮੇਨਿਸਟੀ ਇੰਟਰਨੈਸ਼ਨਲ (ਏ.ਆਈ.) ਵਰਗੀਆਂ ਕੌਮਾਂਤਰੀ ਸੰਸਥਾਵਾਂ ਵੱਲ ਰੁਖ਼ ਕਰਨਾ ਚਾਹੀਦਾ ਹੈ। ਦੇਸ਼ਾਂ-ਵਿਦੇਸ਼ਾਂ ਦੀਆਂ ਸਮੁੱਚੀਆਂ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਇਕਮੁੱਠ ਹੋਣਾ ਪਵੇਗਾ ਅਤੇ ਸਿੱਖ ਹੱਕਾਂ ਦੀ ਰਾਖੀ ਲਈ ਕੌਮਾਂਤਰੀ ਪੱਧਰ ਦੀ ਆਜ਼ਾਦ ਨੀਤੀ ਤਿਆਰ ਕਰਨੀ ਚਾਹੀਦੀ ਹੈ। ਸਾਕਾ ੧੯੮੪ ਦੇ ਜ਼ਖ਼ਮਾਂ ਨੂੰ ਸੂਰਜ ਬਣਾਉਣ ਦੀ ਲੋੜ ਹੈ, ਜਿਸ ਤੋਂ ਰੌਸ਼ਨੀ ਲੈ ਕੇ ਸਿੱਖ ਕੌਮ ਆਪਣੇ ਸਦੀਆਂ ਤੋਂ ਚੱਲਦੇ ਆ ਰਹੇ ਹੱਕ, ਸੱਚ ਅਤੇ ਮਨੁੱਖੀ ਆਜ਼ਾਦੀ ਦੇ ਕਾਰਵੇਂ ਨੂੰ ਨਿਰੰਤਰ ਜਾਰੀ ਰੱਖ ਸਕੇ।

ਸ੍ਰੀ ਦਰਬਾਰ ਸਾਹਿਬ ਹਮਲੇ ਨੂੰ ਸਿੱਖ ਨਸਲਕੁਸ਼ੀ ਦੇ ਵਿਆਪਕ ਅਮਲ ਦੇ ਹਿੱਸੇ ਵਜੋਂ ਦੇਖਦਿਆਂ, ਨਿਰਪੱਖ, ਆਜ਼ਾਦ, ਦੂਰਦਰਸ਼ੀ ਅਤੇ ਵਿਆਪਕ ਨਜ਼ਰੀਏ ਤੋਂ ਇਸ ਦੇ ਪ੍ਰਭਾਵ, ਕਾਰਨ ਅਤੇ ਦੁਖਾਂਤ ਨੂੰ ਬਿਲਕੁਲ ਉਸੇ ਤਰ੍ਹਾਂ ਸਾਹਮਣੇ ਲਿਆਉਣ ਦੀ ਲੋੜ ਹੈ, ਜਿਸ ਤਰ੍ਹਾਂ ਯਹੂਦੀਆਂ ਨੇ ਆਪਣੀ ਕੌਮ ਦੇ ਨਾਜ਼ੀਆਂ ਹੱਥੋਂ ਹੋਏ ਨਸਲਘਾਣ ਦੇ ਸੱਚ ਨੂੰ ਪੂਰੀ ਦੁਨੀਆ ਦੇ ਸਾਹਮਣੇ ਲਿਆਂਦਾ ਹੈ।

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿਧ ਜਾਂ ਸਾਡੇ ਮੁੱਖ ਦਫ਼ਤਰ ’ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

ਅੰਕ : ੬ ਸਾਲ : ੯ ਜੂਨ ੨੦੨੩

ਜੇਠ-ਹਾੜ, ੫੫੫ ਨਾਨਕਸ਼ਾਹੀ


# ਸੋ ਕਹੀਅਤ ਹੈ ਸੂਰਾ

**ਨਿਰੋਲ ਧਾਰਮਿਕ ਮਾਸਿਕ ਪੱਤਰ**


'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


**ਲੇਖਕਾਂ ਤੇ ਪਾਠਕਾਂ ਲਈ**

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> " ਅੱਜ ਦੀ ਘੜੀ ਕੌਮੀਅਤ ਦੇ ਦਮਗਜੇ ਮਾਰਨ ਦੀ ਲੋੜ ਨਹੀਂ। ਸਵਰਾਜ ਦੇ ਸੁਪਨੇ ਲੈਣ ਤੇ ਇਤਫ਼ਾਕ-ਸਮਝੌਤਿਆਂ ਦੇ ਫ਼ਿਕਰ ਵਿਚ ਪੈਣ ਦੀ ਲੋੜ ਨਹੀਂ। ਲੋੜ ਹੈ, ਮੁੜ ਆਪਣੇ ਜੀਵਨਾਂ ਦੀ ਰੂਹਾਨੀਅਤ ਕਾਇਮ ਕਰਨ ਦੀ, ਆਪਣੀ ਆਤਮ-ਬਿਵਸਥਾ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਦੀ।
>
> -ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ


| | |
|---|---|
| ਗੁਰਮਤਿ ਗੌਰਵਤਾ-੭੨<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 06 |
| ਦੋ ਅਲੌਕਿਕ ਗੁਰੂ ਕੇ ਕੀਰਤਨੀਏ | 08 |
| ਅੱਖੀਂ ਡਿੱਠਾ ਜੂਨ ੧੯੮੪ ਦਾ ਘੱਲੂਘਾਰਾ<br>ਭਾਈ ਗੁਰਦਿਆਲ ਸਿੰਘ | 12 |
| ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 17 |
| ਪੰਥਕ ਹਿੱਤਾਂ ਵਿਚ ਨਹੀਂ ਹੈ ਸਿੱਖਾਂ ਦਾ ਆਪਸੀ ਵਿਚਾਰਧਾਰਕ ਟਕਰਾਅ<br>ਤਲਵਿੰਦਰ ਸਿੰਘ ਬੁੱਟਰ | 21 |
| ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲਾ ਦੇ ਭੋਰੇ ਦਾ ਸਬੰਧ<br>ਕੰਵਰ ਅਜੀਤ ਸਿੰਘ | 24 |
| ਆਪਣੀਆਂ ਜੜ੍ਹਾਂ ਵੱਲ ਮੁੜਨਾ ਜ਼ਰੂਰੀ<br>ਐਡਵੋਕੇਟ ਜਸਪਾਲ ਸਿੰਘ ਮੰਝਪੁਰ | 28 |
| ਪਹਿਲੇ ਪੰਗਤ ਪਾਛੈ ਸੰਗਤ<br>ਡਾ. ਸਰਬਜੋਤ ਕੌਰ, ਲੁਧਿਆਣਾ | 30 |

ਮਃ ੩ ॥
ਭੇਖੀਅਗਨਿਨਬੁਝਈਚਿੰਤਾਹੈਮਨਮਾਹਿ ॥
ਵਰਮੀਮਾਰੀਸਾਪੁਨਮਰੈਤਿਉਨਿਗੁਰੇਕਰਮਕਮਾਹਿ ॥
ਸਤਿਗੁਰੁਦਾਤਾਸੇਵੀਐਸਬਦੁਵਸੈਮਨਿਆਇ ॥
ਮਨੁਤਨੁਸੀਤਲੁਸਾਂਤਿਹੋਇਤ੍ਰਿਸਨਾਅਗਨਿਬੁਝਾਇ ॥
ਸੁਖਾਸਿਰਿਸਦਾਸੁਖੁਹੋਇਜਾਵਿਚਹੁਆਪੁਗਵਾਇ ॥
ਗੁਰਮੁਖਿਉਦਾਸੀਸੋਕਰੇਜਿਸਚਿਰਹੈਲਿਵਲਾਇ ॥
ਚਿੰਤਾਮੂਲਿਨਹੋਵਈਹਰਿਨਾਮਿਰਜਾਆਘਾਇ ॥
ਨਾਨਕਨਾਮਬਿਨਾਨਹਛੂਟੀਐਹਉਮੈਪਚਹਿਪਚਾਇ ॥੨ ॥
(ਵਡਹੰਸ ਕੀ ਵਾਰ ਮਹਲਾ ੪... ਅੰਕ : ੫੮੮)

# ਅਰਥ ਵਿਚਾਰ

(ਕੇਵਲ) ਭੇਖ ਕਰਨ ਨਾਲ ਅਗਨਿ (ਤ੍ਰਿਸ਼ਨਾ ਆਦਿ) ਨਹੀਂ ਬੁਝਦੀ ਅਤੇ ਚਿੰਤਾ ਮਨ ਵਿਚ ਬਣੀ ਰਹਿੰਦੀ ਹੈ। ਜਿਵੇਂ ਵਰਮੀ (ਸੱਪ ਦੀ ਪੈੜ) ਮਾਰਨ ਨਾਲ ਸੱਪ ਨਹੀਂ ਮਰਦਾ ਇਵੇਂ ਨਿਗੁਰੇ ਪੁਰਖ ਦੇ ਬੇਕਾਰ ਕਰਮ ਹੁੰਦੇ ਹਨ, ਭਾਵ ਉਨ੍ਹਾਂ ਦੇ ਕੀਤੇ ਕਰਮ ਉਨ੍ਹਾਂ ਦਾ ਭਲਾ ਨਹੀਂ ਕਰਦੇ। ਸਤਿਗੁਰ ਦਾਤਾ ਸੇਵਣਾ ਚਾਹੀਦਾ ਹੈ ਜਿਸ ਨਾਲ ਸ਼ਬਦ ਮਨ ਵਿਚ ਵੱਸ ਜਾਂਦਾ ਹੈ। ਮਨ ਅਤੇ ਤਨ ਸੀਤਲ ਹੋ ਜਾਂਦੇ ਹਨ ਅਤੇ ਤ੍ਰਿਸ਼ਨਾ ਅਗਨਿ ਬੁਝ ਜਾਂਦੀ ਹੈ। ਜਦੋਂ ਗੁਰਸਿੱਖ ਵਿਚੋਂ ਆਪਾ ਗਵਾਇ ਲੈਂਦਾ ਹੈ ਤਾਂ ਉਸ ਨੂੰ ਸੁੱਖਾਂ ਦੇ ਸਿਰ ਸੁੱਖ ਪ੍ਰਾਪਤ ਹੁੰਦਾ ਹੈ। (ਮਾਇਆ ਵਿਚ ਰਹਿ ਕੇ) ਉਦਾਸੀ ਗੁਰਮੁਖਿ ਉਦੋਂ ਕਰਦਾ ਹੈ ਜਦੋਂ ਉਹ ਸੱਚ ਵਿਚ (ਭਾਵ ਨਾਮ ਵਿਚ) ਲਿਵ ਲਾਈ ਰੱਖਦਾ ਹੈ। ਫੇਰ ਉਸ ਨੂੰ ਮੂਲੋਂ ਹੀ ਚਿੰਤਾ ਨਹੀਂ ਹੁੰਦੀ ਅਤੇ ਹਰੀ ਦੇ ਨਾਮ ਰਾਹੀਂ ਉਹ ਰੱਜ ਜਾਂਦਾ ਹੈ, ਆਘਾਇ (ਤ੍ਰਿਪਤ ਹੋ) ਜਾਂਦਾ ਹੈ। ਗੁਰੂ ਜੀ "ਨਾਨਕ" ਮੋਹਰ ਛਾਪ ਲਾ ਕੇ ਫ਼ੁਰਮਾਉਂਦੇ ਹਨ ਕਿ ਨਾਮ ਬਿਨਾਂ ਨਹੀਂ ਛੁਟ ਸਕੀਦਾ ਅਤੇ ਜੀਵ ਹਉਮੈ ਵਿਚ ਸੜਦੇ ਹਨ ਅਤੇ ਹੋਰਨਾਂ ਨੂੰ ਸਾੜਦੇ ਹਨ (ਪਚਹਿ ਪਚਾਇ)।

ਸ੍ਰੀ ਗੁਰੂ ਅਮਰਦਾਸ ਜੀ ਦੇ ਵਡਹੰਸ ਕੀ ਵਾਰ ਵਿਚਲੇ ਇਸ ਸਲੋਕ ਦੀ ਪਹਿਲੀ ਹੀ ਪੰਕਤੀ ਸਾਡੇ ਅੱਜ ਦੇ ਜੀਵਨ 'ਤੇ ਬਹੁਤ ਢੁੱਕਦੀ ਹੈ। ਗੁਰੂ ਜੀ ਨੇ ਫ਼ਰਮਾਇਆ ਹੈ ਕਿ ਕੇਵਲ ਭੇਖ ਧਾਰਨ ਕਰਨ ਨਾਲ ਤ੍ਰਿਸ਼ਨਾ ਰੂਪੀ ਅਗਨਿ ਨਹੀਂ ਬੁਝ ਸਕਦੀ ਅਤੇ ਨਾ ਹੀ ਚਿੰਤਾ ਆਦਿ ਰੋਗਾਂ ਤੋਂ ਛੁਟਕਾਰਾ ਹੋ ਸਕਦਾ ਹੈ ਜਦ ਤੱਕ ਸਤਿਗੁਰੂ ਨੂੰ ਗੁਰਮਤਿ ਅਨੁਸਾਰ ਸੇਵ ਕੇ ਮਨ ਵਿਚ ਸ਼ਬਦ ਨਹੀਂ ਵੱਸ ਜਾਂਦਾ। ਅੱਜ ਅਸੀਂ ਅੰਮ੍ਰਿਤ ਛਕ ਕੇ ਗੁਰਸਿੱਖਾਂ ਵਾਲਾ ਭੇਖ ਤਾਂ ਧਾਰਨ ਕਰ ਲੈਂਦੇ ਹਾਂ ਪਰ ਸਤਿਗੁਰੂ ਨੂੰ ਸੇਵ ਕੇ, ਮਨ ਵਿਚ ਸ਼ਬਦ ਨਹੀਂ ਵਸਾਉਂਦੇ। ਸਤਿਗੁਰੂ ਦੀ ਸੇਵਾ ਕਰਕੇ ਕਿਵੇਂ ਸ਼ਬਦ ਮਨ ਵਿਚ ਵਸਾਈਦਾ ਹੈ ? ਇਹ ਅਤਿ ਅਹਿਮ ਸਵਾਲ ਹੈ ਜਿਸ ਦੇ ਜਵਾਬ ਵਿਚ ਸਾਡੀ ਬੰਦਿ-ਖਲਾਸੀ ਬੰਦ ਹੈ। ਸਤਿਗੁਰੂ ਦੀ ਸੇਵਾ ਦਾ ਅਰਥ ਹੈ ਤਿਆਰ-ਬਰ-ਤਿਆਰ ਖ਼ਾਲਸਾ ਜਨ ਸਜ ਕੇ, ਗੁਰੂ ਜੀ ਦੀ ਸਾਰੀ ਰਹਿਤ ਧਾਰਨ ਕਰਕੇ (ਕੇਵਲ ਮਨ ਭਾਉਂਦੇ ਸੌਖੇ ਹੁਕਮ ਮੰਨ ਕੇ ਨਹੀਂ), ਨਾਮ ਗੁਰਮੰਤ੍ਰ ਦਾ ਅਭਿਆਸ ਕਰਨਾ। ਜਦੋਂ ਗੁਰਸਿੱਖ ਇਸ ਬਿਧਿ ਰਹਿਤ ਰੱਖ ਕੇ ਨਾਮ ਦਾ ਅਭਿਆਸ ਕਰਦਾ ਹੈ ਅਤੇ ਹਰਿਗੁਣ ਰੂਪੀ ਗੁਰਬਾਣੀ ਦਾ ਪਾਠ ਕੀਰਤਨ ਕਰਦਾ ਹੈ ਤਾਂ ਸ਼ਬਦ ਮਨ ਵਿਚ ਵੱਸ ਜਾਂਦਾ ਹੈ। ਜਦੋਂ ਤੱਕ ਗੁਰਸਿੱਖ ਗੁਰਮਤਿ ਧਾਰਨ ਕਰਕੇ, ਗੁਰਮਤਿ ਵਿਧੀ ਅਨੁਸਾਰ ਨਾਮ-ਅਭਿਆਸ ਨਹੀਂ ਕਰਦਾ, ਉਦੋਂ ਤੱਕ ਉਸ ਦੀ ਅਗਨਿ ਨਹੀਂ ਬੁਝ ਸਕਦੀ ਅਤੇ ਚਿੰਤਾ ਆਦਿ ਰੋਗ ਉਸ ਦਾ ਖਹਿੜਾ ਨਹੀਂ ਛੱਡਦੇ।

ਅੱਜ ਕਲਿਜੁਗ ਦਾ ਐਸਾ ਪ੍ਰਬਲ ਪ੍ਰਭਾਵ ਹੈ ਕਿ ਅੱਵਲ ਤਾਂ ਕੋਈ ਅੰਮ੍ਰਿਤ ਛਕ ਕੇ ਖ਼ਾਲਸਾ ਬਣਦਾ ਨਹੀਂ ਅਤੇ ਜੇਕਰ ਕੋਈ ਅੰਮ੍ਰਿਤ ਛਕ ਵੀ ਲਵੇ ਤਾਂ ਉਹ ਉੱਪਰ ਦੱਸੇ ਅਨੁਸਾਰ ਪੂਰਨ ਖ਼ਾਲਸਾ ਰਹਿਤ-ਬਹਿਤ ਧਾਰਨ ਕਰਕੇ ਨਾਮ-ਅਭਿਆਸ ਕਮਾਈਆਂ ਕਰਨ ਵਿਚ ਨਹੀਂ ਜੁੱਟਦਾ ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਅੱਜ ਸਿੱਖਾਂ ਦੀ ਬਹੁਤਾਤ ਗਿਣਤੀ ਕੇਵਲ ਭੇਖੀ ਸਿੱਖਾਂ ਦੀ ਹੈ। ਸਹੀ ਮਾਅਨਿਆਂ ਵਿਚ ਗੁਰਸਿੱਖ ਅੱਜ ਬਹੁਤ ਹੀ ਨਾਯਾਬ (ਦੁਰਲੱਭ) ਹੋ ਗਏ ਹਨ। ਗੁਰੂ ਜੀ ਦਾ ਆਪਣੇ ਗੁਰਸਿੱਖਾਂ ਪ੍ਰਤੀ ਇਹ ਖ਼ਾਸ ਹੁਕਮ ਹੈ ਕਿ ਪਰਵਿਰਤੀ ਕਰਮ ਕਮਾਉਣਾ ਹੈ ਨਾ ਕਿ ਨਰਵਿਰਤੀ। ਨਾਲ ਹੀ ਗੁਰੂ ਜੀ ਦਾ ਹੁਕਮ ਹੈ ਕਿ ਪਰਵਿਰਤੀ ਕਰਮ ਇਸ ਪ੍ਰਕਾਰ ਕਮਾਉਣਾ ਹੈ ਜਿਵੇਂ ਚਿੱਕੜ ਵਿਚ ਕਮਲ ਅਤੇ ਜਿਵੇਂ ਮੁਰਗਾਈ ਪਾਣੀ ਵਿਚ ਆਪਣੇ ਖੰਭ ਭਿੱਜਣ ਨਹੀਂ ਦਿੰਦੀ ਪਰ ਮਾਇਆ ਬਹੁਤ ਹੀ ਤਾਕਤਵਰ ਹੈ ਅਤੇ ਅਤਿ ਹੀ ਮੋਹਣੀ ਹੈ। ਫੇਰ ਗੁਰਸਿੱਖ ਕਿਵੇਂ ਮਾਇਆ ਵਿਚ ਉਦਾਸੀ ਕਮਾਉਂਦੇ ਹੋਏ ਪਰਵਿਰਤੀ ਕਰਮ ਦ੍ਰਿੜ੍ਹ ਕਰਨ ? ਇਸ ਦਾ ਜਵਾਬ ਗੁਰੂ ਜੀ ਨੇ ਇਸ ਸਲੋਕ ਵਿਚ ਬਹੁਤ ਹੀ ਬਾਖੂਬੀ ਦਿੱਤਾ ਹੈ। ਹਜ਼ੂਰ ਨੇ ਫ਼ਰਮਾਇਆ ਹੈ ਕਿ "ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥" ਭਾਵ ਸੋ ਹੀ ਗੁਰਮੁਖਿ, ਗੁਰਮਤਿ ਰਾਹੀਂ ਉਦਾਸੀ ਕਰਦਾ ਹੈ ਜੋ ਸਚਿ (ਨਾਮ ਗੁਰਮੰਤ੍ਰ) ਵਿਚ ਲਿਵ ਲਾਈ ਰੱਖਦਾ ਹੈ। ਜਦੋਂ ਤੱਕ ਗੁਰਸਿੱਖ ਦੀ ਲਿਵ ਨਾਮ ਗੁਰਮੰਤ੍ਰ ਵਿਚ ਲੱਗੀ ਰਹਿੰਦੀ ਹੈ, ਉਦੋਂ ਤੱਕ ਉਹ ਮਾਇਆ ਦੇ ਤ੍ਰੈਗੁਣਾਂ ਤੋਂ ਅਪਰੰਪਰ ਰਹਿੰਦਾ ਹੈ ਅਤੇ ਚਉਥੇ ਪਦ ਵਿਚ ਰਹਿੰਦਾ ਹੈ ਪਰ ਜਦੋਂ ਉਹ ਸੁਰਤੀ-ਬਿਰਤੀ ਕਰਕੇ ਸ਼ਬਦ ਤੋਂ ਬਾਹਰਿ ਆਉਂਦਾ ਹੈ ਤਾਂ ਉਸ ਉਪਰ ਮਾਇਆ ਵਿਆਪ ਜਾਂਦੀ ਹੈ। ਇਹ ਤਾਂ ਪੁੱਗ ਖਲੋਤੇ ਗੁਰਮੁਖਾਂ ਦੀ ਅਵਸਥਾ ਹੈ ਪਰ ਇਸ ਅਵਸਥਾ ਤੋਂ ਹੇਠਾਂ ਜੋ ਗੁਰਮੁਖਿ ਜਨ ਅੰਮ੍ਰਿਤ ਵੇਲੇ ਧਿਆਨ ਪੂਰਵਕ ਨਾਮ ਦੀ ਕਮਾਈ ਕਰਦੇ ਹਨ ਅਤੇ ਦਿਨੇ ਯਥਾ ਸ਼ਕਤਿ ਨਾਮ ਨਾਲ ਚਿੱਤ ਲਾਈ ਰੱਖਦੇ ਹਨ, ਉਹ ਵੀ ਕਾਫੀ ਹੱਦ ਤੱਕ ਪਰਵਿਰਤੀ ਕਰਮ ਕਮਾਉਂਦੇ ਹੋਏ ਵੀ ਮਾਇਆ ਵਿਚ ਉਦਾਸੀ ਕਰ ਲੈਂਦੇ ਹਨ। ਇਹ ਸਭ ਸਤਿਗੁਰੂ ਜੀ ਦੀ ਅਪਾਰ ਕਿਰਪਾ ਦਾ ਸਦਕਾ ਹੀ ਹੁੰਦਾ ਹੈ ਅਤੇ ਸਾਧ ਸੰਗਤ ਦੇ ਤੁਫ਼ੈਲ ਹੀ ਹੁੰਦਾ ਹੈ। ਗੁਰੂ ਜੀ ਕਿਰਪਾ ਕਰਨ ਕਿ ਖ਼ਾਲਸਾ ਪੰਥ ਨਾਮ-ਬਾਣੀ ਦੀਆਂ ਕਮਾਈਆਂ ਕਰਕੇ, ਗੁਰਮਤਿ ਧਾਰਨ ਕਰਦਾ ਹੋਇਆ ਚੜ੍ਹਦੀ ਕਲਾ ਵਿਚ ਵਿਚਰੇ।

# ਗੁਰਮਤਿ ਸੱਚਾ ਤੇ ਸਜੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੧੩

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

**੧੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ**

**ਸੰਤੋਖੇ ਜੋਗੀ ਦੀ ਕਹਾਣੀ**

**ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥**

**ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥੪॥**

**(ਸਵਈਏ ਮਹਲੇ ਪਹਿਲੇ ਕੇ, ਪੰਨਾ: ੧੩੮੯)**

ਇਸ ਸਵਈਏ ਦੀ ਵਿਆਖਿਆ ਲਈ ਦੇਖੋ 'ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਵਾਲੀ ਪੁਸਤਕ, ਜਿਸ ਵਿਖੇ ਇਸ ਸਵਈਏ ਤੇ ਸਮੱਗਰ ਭਟਾਂ ਦੇ ਸਵਈਆਂ ਦੀ ਵਿਆਖਿਆ ਵਿਸਥਾਰ ਪੂਰਬਕ ਕੀਤੀ ਗਈ ਹੈ। ਸਾਰੇ ਸਵਈਏ ਮ: ੧ ਦੀ ਵਿਆਖਿਆ ਖ਼ਾਸ ਤੌਰ ਤੇ ਉਪਰ ਦੱਸੀ ਪੁਸਤਕ ਵਿਚ ਧਿਆਨ ਦੇ ਕੇ ਪੜ੍ਹੋ, ਖ਼ਾਸ ਤੌਰ ਪਰ ਪਾਠਕ ਜਨਾਂ ਅਗੇ ਬੇਨਤੀ ਹੈ, ਸਭ ਸੰਸੇ ਭਰਮ ਨਵਿਰਤ ਹੋ ਜਾਣਗੇ। ਏਸੇ ਕਰਕੇ ਸਾਰੇ 'ਭਟਾਂ ਦੇ ਸਵਈਆਂ' ਵਿਖੇ ਆਈ ਇਸੇ ਪ੍ਰਸੰਗ ਪ੍ਰਥਾ ਦੇ ਲਿਖੀ ਗਈ ਵਿਆਖਿਆ ਨੂੰ ਤਿਸੇ ਉਪਰ ਦਰਸਾਈ ਪੁਸਤਕ ਉਤੇ ਨਿਰਭਰ ਰਖ ਕੇ ਅਸੀਂ ਸਾਰੇ ਸਵਈਆਂ ਦੀ ਵਿਆਖਿਆ ਏਥੇ ਨਹੀਂ ਕੀਤੀ।

ਸਵਈਆਂ ਤੋਂ ਅਗੇ ਵਾਰਾਂ ਤੇ ਵਧੀਕ ਸਲੋਕਾਂ ਨੂੰ ਵੀਚਾਰਦੇ ਹਾਂ-

**ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥**

**ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥**

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ**



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**ਗਰਬੁ ਕਰੰਤ ॥੧੫॥**

**(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ: ੧੪੧੧)**

ਇਸ ਗੁਰਵਾਕ ਸਲੋਕ ਅੰਦਰ 'ਨਾਦ' ਅਤੇ 'ਬੇਦ' ਪਦ, ਸ਼ਬਦ ਅਤੇ ਗੁਰਮਤਿ ਗਿਆਨ ਦਾ ਅਰਥ ਰਖਦੇ ਹਨ। ਦੋਇ ਪਦ ਮੰਡਨ ਰੂਪ ਵਿਚ ਲਏ ਗਏ ਹਨ, ਖੰਡਨ ਰੂਪ ਵਿਚ ਨਹੀਂ, ਜੈਸਾ ਕਿ-

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥ ॥੪॥੧੧॥੧੮॥**

**(ਆਸਾ ਮ: ੪, ਪੰਨਾ: ੪੫੦)**

ਵਾਲੇ ਛੱਕੇ ਵਿਚ ਆਉਂਦਾ ਹੈ। ਉਸ ਛੱਕੇ ਅੰਦਰ 'ਨਾਦ ਬੇਦ' ਦੋਵੇਂ ਖੰਡਨ ਰੂਪ ਵਿਚ ਹਨ। ਇਸ ਸਲੋਕ ਵਿਚ ਇਹ ਦੋਈ ਪਦ ਮੰਡਨ ਰੂਪ ਵਿਚ ਲਏ ਗਏ ਹਨ। ਯਥਾ ਵਿਆਖਿਆ-

ਇਕ ਐਸੇ ਪੁਰਸ਼ ਭੀ ਸੰਸਾਰ ਉਤੇ ਹਨ ਜੋ ਨਾ ਸ਼ਬਦ, ਨਾ ਗੁਰਮਤਿ ਗਿਆਨ ਦੇ ਵਾਕਫ਼ ਹਨ, ਨ ਗਿਆਨੀ ਨ ਰਾਗੀ, ਉਨ੍ਹਾਂ ਵਿਚ ਕੋਈ ਵੀ ਗੁਣ ਨਹੀਂ, ਐਵੇਂ ਆਪਣੇ ਆਪ ਵਿਚ ਆਫਰੇ ਫਿਰਦੇ ਹਨ। ਉਨ੍ਹਾਂ ਨੂੰ ਨਾ ਸੱਚੀ ਬੁਧੀ ਹੈ, ਨ ਸੱਚੀ ਸਿਧੀ ਹੈ, ਨ ਸੱਚੀ ਗੁਰਮਤਿ ਅਕਲ ਦੀ ਸਾਰ ਹੈ, ਅੱਖਰ ਦਾ ਭੇਦ ਨਹੀਂ ਜਾਣਦੇ, ਭਾਵ, ਊੜਾ ਭੀ ਪੜ੍ਹਨਾ ਉਨ੍ਹਾਂ ਨੂੰ ਨਹੀਂ ਆਉਂਦਾ। ਅਸਲ ਖੋਤੇ (ਗਧੇ) ਐਸੇ ਹੀ ਨਰ ਹਨ, ਜੋ ਬਿਨਾਂ ਗੁਰਮਤਿ-ਗੁਣਾਂ ਤੋਂ ਬਿਰਥੇ ਹੀ ਹੰਕਾਰ ਦਾ ਭਾਰ ਲੱਦੀ ਫਿਰਦੇ ਹਨ। ਇਸ ਬਿਧ ਗੁਰੂ ਨਾਨਕ ਸਾਹਿਬ ਉਚਾਰਦੇ ਹਨ ਸੱਚੀ ਉਚਾਰਨੀ।

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**

**ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥**

**ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥**

**(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ: ੧੪੧੧)**

ਗੁਰਮਤਿ ਅਨੁਸਾਰ ਸੱਚਾ ਬ੍ਰਾਹਮਣ ਉਹੋ ਹੈ ਜੋ ਸੱਚੇ ਵਾਹਿਗੁਰੂ ਦਾ ਅਪ੍ਰੋਖਸ਼ ਗਿਆਨ ਰਖਦਾ ਹੈ, ਅਰਥਾਤ, ਜੋ ਸੱਚਾ ਬ੍ਰਹਮ-ਬੇਤਾ ਹੈ, ਅਤੇ ਜੋ ਜਪੁ ਤਪੁ ਸੰਜਮ ਆਦਿਕ ਸਚੜੇ ਗੁਰਮਤਿ ਕਰਮ ਕਮਾਉਂਦਾ ਹੈ ਅਤੇ ਸੱਚੇ ਸੀਲ ਸੰਤੋਖ ਵਾਲੇ ਧਰਮ ਨੂੰ ਪਾਲਦਾ ਹੈ, ਸੰਸਾਰਕ ਸਗਲੇ ਮਾਇਕ ਬੰਧਨਾਂ ਨੂੰ ਤੋੜ ਕੇ ਕੇਵਲ ਪਾਰਬ੍ਰਹਮ ਅਕਾਲ ਪੁਰਖ ਵਾਹਿਗੁਰੂ ਨੂੰ ਹੀ ਅਰਾਧਦਾ ਹੈ। ਐਸਾ ਬ੍ਰਹਮ-ਬੇਤਾ ਬ੍ਰਾਹਮਣ ਜੀਵਨ-ਮੁਕਤ ਪਦ ਦਾ ਭਾਗੀ (ਅਧਿਕਾਰੀ) ਹੈ, ਸੋਈ ਗੁਰਮਤਿ ਅਨੁਸਾਰੀ ਸੱਚੜਾ ਬ੍ਰਾਹਮਣ ਪੂਜਣ ਜੋਗ ਹੈ।

ਇਸ ਤੋਂ ਅਗਲੇਰੇ ਸਲੋਕ ਵਿਚ ਗੁਰੂ ਸਾਹਿਬ ਸਚੜੇ ਸੂਰਬੀਰ ਛੱਤਰੀ ਦੀ ਗੁਰਮਤਿ ਅਨੁਸਾਰ ਸੱਚੜੀ ਨੀਸ਼ਾਨੀ ਇਉਂ ਦਸਦੇ ਹਨ। ਯਥਾ ਗੁਰਵਾਕ-

**ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥**

**ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥**

**ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਣਾ ਕੀਤਾ ਆਪੇ ਪਾਵੈ ॥੧੭॥**

**(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ; ੧੪੧੧)**

ਯਥਾ ਵਿਆਖਿਆ- ਗੁਰਮਤਿ ਅਨੁਸਾਰ ਸੱਚਾ ਛੱਤਰੀ ਉਹ ਗੁਰਮੁਖਿ ਜਨ ਹੈ ਜੋ ਆਪਣੀ ਗੁਰਮਤਿ ਕਰਣੀ ਅਨੁਸਾਰ ਛੱਤਰੀ ਕਰਮਾਂ ਦਾ ਸੂਰਮਾ ਹੋਵੇ ਤੇ ਪਾਤਰ ਕੁਪਾਤਰ ਦੇਖ ਕੇ ਪਰਉਪਕਾਰ ਕਰਨ ਦਾ ਸੱਚੜਾ ਦਾਨੀ ਹੋਵੇ। ਐਸਾ ਸੱਚੜਾ ਦਾਨੀ ਹੀ ਦਰਗਾਹ ਅੰਦਰ ਪਰਵਾਨ ਪੈਂਦਾ ਹੈ। ਲਬ ਲੋਭ ਤੇ ਕੂੜ ਕਮਾਉਣ ਵਾਲਾ ਆਦਮੀ ਹਰਗਿਜ਼ ਛੱਤਰੀ ਨਹੀਂ ਕਹਾ ਸਕਦਾ। ਉਹ ਆਪਣਾ ਕੀਤਾ ਆਪੇ ਪਾਉਂਦਾ ਹੈ।

ਇਨ੍ਹਾਂ ਦੋਹਾਂ ਸਲੋਕਾਂ ਨੰ: ੧੬ ਤੇ ੧੭ ਅੰਦਰ ਗੁਰੂ ਸਾਹਿਬ ਨੇ ਸੱਚੇ ਬ੍ਰਾਹਮਣਾਂ ਅਤੇ ਸੱਚੇ ਛੱਤਰੀਆਂ ਦਾ ਮੰਡਨ ਕੀਤਾ ਹੈ ਅਤੇ ਸਪੱਸ਼ਟ ਦਸਿਆ ਹੈ ਕਿ ਕੇਵਲ ਗੁਰਮਤਿ ਗੁਣਾਂ ਕਰਿ ਹੀ ਕੋਈ ਗੁਰਮੁਖਿ ਜਨ ਸੱਚੜਾ ਬ੍ਰਾਹਮਣ ਅਤੇ ਛੱਤਰੀ ਕਹਾ ਸਕਦਾ ਹੈ, ਐਵੇਂ ਨਹੀਂ; ਇਥੇ ਪਾਖੰਡੀ ਬ੍ਰਾਹਮਣਾਂ ਅਤੇ ਛੱਤਰੀਆਂ ਦਾ ਖੰਡਨ ਨਹੀਂ ਕੀਤਾ, ਜੈਸਾ ਕਿ ਹੋਰ ਥਾਵਾਂ 'ਤੇ ਖੰਡਨ ਦਰਸਾਇਆ ਗਿਆ ਹੈ। ਉਥੇ ਆਨਮਤੀ ਬ੍ਰਾਹਮਣਾਂ ਅਤੇ ਕੂੜ ਕੁਸੱਤੀ ਛੱਤਰੀਆਂ ਦਾ ਖੰਡਨ ਜ਼ਰੂਰ ਕੀਤਾ ਹੈ, ਪਰ ਏਥੇ ਨਹੀਂ। ਪਿਛਲੇ ਸਲੋਕ ਅੰਦਰ ਸਹਿਜੇ ਟੂਕ ਮਾਤਰ ਕੂੜਾਵੇ ਛੱਤਰੀਆਂ ਦਾ ਖੰਡਨ ਰਮਜ਼ਾਇਆ ਗਿਆ ਹੈ, ਨਹੀਂ ਤਾਂ ਸਾਰਾ ਮੰਡਨ ਹੀ ਮੰਡਨ ਹੈ। ਗੁਰਵਾਕ-

**ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥ ਨਵਾਂ ਖੰਡਾ ਵਿਚਿ ਜਾਣੀਆਂ ਅਪਨੇ ਚਜ ਵੀਚਾਰ ॥੩॥**

**(ਸਲੋਕ ਮ: ੩, ਪੰਨਾ: ੧੪੧੩)**

ਇਸ ਸਲੋਕ ਅੰਦਰ ਆਨਮਤੀ ਬ੍ਰਾਹਮਣਾਂ ਅਤੇ ਜੋਤਸ਼ੀਆਂ ਦਾ ਸਪੱਸ਼ਟ ਖੰਡਨ ਹੈ।

ਯਥਾ ਵਿਆਖਿਆ- ਕੀ ਹੋ ਗਿਆ ਜੇ ਕੋਈ ਵੇਦ-ਪਾਠੀ ਬ੍ਰਾਹਮਣ ਬਣ ਬੈਠੇ ਅਤੇ ਆਨਮਤੀ ਵੇਦਾਂ ਦਾ ਤੱਤ ਵਿਆਖਿਆ ਕਰਨਹਾਰਾ ਜੋਤਸ਼ੀ ਕਹਾਉਂਦਾ ਫਿਰੇ, ਚਹੁੰਆਂ ਬੇਦਾਂ ਦਾ ਬਕਤਾ ਅਤੇ ਗਿਆਤਾ ਹੋ ਕੇ ਆਪਣੇ ਕੰਮਾਂ ਦੀ ਸਿਆਣਪ ਕਰਕੇ ਨਵਾਂ ਖੰਡਾਂ ਵਿਚ ਮਸ਼ਹੂਰ ਹੁੰਦਾ ਫਿਰੇ, ਤਾਂ ਭੀ ਕਿਸੇ ਅਰਥ ਨਹੀਂ, ਉਸ ਦੇ ਚੱਜ ਵੀਚਾਰ ਸਾਰੇ ਫੋਕਟ ਗਿਣੇ ਜਾਣਗੇ, ਜੇਹੜੇ ਲੇਖੇ ਨਹੀਂ ਲਗਣੇ।

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਦਾ ਧਾਨੁ ॥**

**ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ ॥**

**ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥**

**ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥੪॥**

**(ਸਲੋਕ ਮ: ੩, ਪੰਨਾ: ੧੪੧੩)**

ਹੇ ਪਾਖੰਡੀ ਬ੍ਰਾਹਮਣ! ਤੇਰੇ ਲਈ ਵਿਆਹ ਪੜ੍ਹਾਉਣ ਸਮੇਂ ਕੁੜੀ ਦਾ ਧਾਨ ਖਾਣਾ, ਗਊ-ਹਤਿਆ ਦੇ ਤੁਲ ਹੈ। ਉਨ੍ਹਾਂ ਬ੍ਰਾਹਮਣਾਂ ਲਈ ਫਿਟਕਾਰ ਹੈ ਜਿਨ੍ਹਾਂ ਵਿਚ ਇਹ ਤੇ ਇਸ ਪ੍ਰਕਾਰ ਦੀਆਂ ਬਦੀਆਂ ਦਾ ਕੋੜ੍ਹ ਰੂਪੀ ਅਭਿਮਾਨ ਸਦਾ ਸਦਾ ਲਈ ਛਾਇਆ ਰਹਿੰਦਾ ਹੈ। ਇਹ ਸਭ ਪਾਪ-ਕਰਮ ਉਨ੍ਹਾਂ ਪਾਖੰਡੀਆਂ ਉਤੇ ਹੀ ਆ ਪੈਂਦੇ ਹਨ ਜੋ ਸੱਚੜੇ ਨਾਮ ਨੂੰ ਵਿਸਾਰ ਦਿੰਦੇ ਹਨ। ਇਹ ਗੁਰਮਤਿ ਨਾਮ ਨੂੰ ਵਿਸਾਰਿਆਂ ਹੀ ਉਪਰ ਦੱਸੇ ਸਾਰੇ ਆਤਮ ਰੋਗ ਸਾਰੇ ਪ੍ਰਾਣੀਆਂ ਉਪਰ ਵਾਪਰ ਜਾਂਦੇ ਹਨ। ਸਚੜੇ ਨਾਮ ਰੂਪੀ ਤੱਤ ਗੁਰਮਤਿ ਗਿਆਨ ਬਾਝੋਂ ਹੋਰ ਸਭ ਆਨਮਤ ਬੁਧੀਆਂ ਕੁਬੁਧੀਆਂ ਹੀ ਹਨ, ਸਭ ਮਿਥਿਆ ਹਨ। ਇਨ੍ਹਾਂ ਕੁਬੁਧੀਆਂ ਦਾ ਜਲ ਜਾਣਾ ਹੀ ਠੀਕ ਹੈ। ਇਹ ਜ਼ਰੂਰ ਸੜ ਜਾਣੀਆਂ ਹਨ। ਨਾਮ ਤੱਤ ਗੁਰਮਤਿ ਗਿਆਨ ਹੀ ਅਸਥਿਰ ਰਹਿ ਜਾਣਾ ਹੈ।

ਕੂੜਾਵੀ ਕਿਰਿਆ ਵਾਲੇ ਆਨਮਤੀ ਬ੍ਰਾਹਮਣਾਂ ਦਾ ਪਾਜ ਇਸ ਸਲੋਕ ਅੰਦਰ ਖ਼ੂਬ ਉਘੇੜਿਆ ਹੈ, ਗੁਰਮਤਿ ਗਿਆਨ ਰੂਪੀ ਨਾਮ ਨੂੰ ਖ਼ੂਬ ਰੱਜ ਕੇ ਸਲਾਹਿਆ ਹੈ। ਕੇਵਲ ਗੁਰਮਤਿ ਨਾਮ ਦੀ ਹੀ ਮੰਡਨ ਰੂਪੀ ਸ਼ਲਾਘਾ ਹੀ ਮੁਖ ਰਖੀ ਹੈ, ਹੋਰ ਸਭ ਆਨਮਤਿ ਕਿਰਿਆ ਦਾ ਖੰਡਨ ਹੀ ਜਣਾਇਆ ਗਿਆ ਹੈ, ਆਨਮਤ ਧਰਮੀ ਕਿਰਿਆ ਸਭ ਨਿਖੇਧੀ ਰੂਪ ਹੈ।

*ਹੇ ਪਾਖੰਡੀ ਬ੍ਰਾਹਮਣ! ਤੇਰੇ ਲਈ ਵਿਆਹ ਪੜ੍ਹਾਉਣ ਸਮੇਂ ਕੁੜੀ ਦਾ ਧਾਨ ਖਾਣਾ, ਗਊ-ਹਤਿਆ ਦੇ ਤੁਲ ਹੈ। ਉਨ੍ਹਾਂ ਬ੍ਰਾਹਮਣਾਂ ਲਈ ਫਿਟਕਾਰ ਹੈ ਜਿਨ੍ਹਾਂ ਵਿਚ ਇਹ ਤੇ ਇਸ ਪ੍ਰਕਾਰ ਦੀਆਂ ਬਦੀਆਂ ਦਾ ਕੋੜ੍ਹ ਰੂਪੀ ਅਭਿਮਾਨ ਸਦਾ ਸਦਾ ਲਈ ਛਾਇਆ ਰਹਿੰਦਾ ਹੈ। ਇਹ ਸਭ ਪਾਪ-ਕਰਮ ਉਨ੍ਹਾਂ ਪਾਖੰਡੀਆਂ ਉਤੇ ਹੀ ਆ ਪੈਂਦੇ ਹਨ ਜੋ ਸੱਚੜੇ ਨਾਮ ਨੂੰ ਵਿਸਾਰ ਦਿੰਦੇ ਹਨ। ਇਹ ਗੁਰਮਤਿ ਨਾਮ ਨੂੰ ਵਿਸਾਰਿਆਂ ਹੀ ਉਪਰ ਦੱਸੇ ਸਾਰੇ ਆਤਮ ਰੋਗ ਸਾਰੇ ਪ੍ਰਾਣੀਆਂ ਉਪਰ ਵਾਪਰ ਜਾਂਦੇ ਹਨ। ਸਚੜੇ ਨਾਮ ਰੂਪੀ ਤੱਤ ਗੁਰਮਤਿ ਗਿਆਨ ਬਾਝੋਂ ਹੋਰ ਸਭ ਆਨਮਤ ਬੁਧੀਆਂ ਕੁਬੁਧੀਆਂ ਹੀ ਹਨ, ਸਭ ਮਿਥਿਆ ਹਨ। ਇਨ੍ਹਾਂ ਕੁਬੁਧੀਆਂ ਦਾ ਜਲ ਜਾਣਾ ਹੀ ਠੀਕ ਹੈ। ਇਹ ਜ਼ਰੂਰ ਸੜ ਜਾਣੀਆਂ ਹਨ। ਨਾਮ ਤੱਤ ਗੁਰਮਤਿ ਗਿਆਨ ਹੀ ਅਸਥਿਰ ਰਹਿ ਜਾਣਾ ਹੈ।*

**ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥ ॥੧੯॥**
(**ਸਲੋਕ ਮ: ੩, ਪੰਨਾ: ੧੪੧੪**)

ਇਹ ਗੁਰ-ਪੰਗਤੀ ਸਾਫ਼ ਦਸਦੀ ਹੈ ਕਿ ਪੁੰਨ ਦਾਨ ਕਿਰਿਆ ਆਨਮਤੀਆਂ ਵਾਲੀ ਸਭ ਬਿਰਥੀ ਹੈ, ਇਸ ਆਨਮਤਿ ਕ੍ਰਿਆ ਨੂੰ ਕਰਨਹਾਰੇ ਸਾਰੇ ਆਨਮਤੀ ਲੋਕ ਧਰਮਰਾਇ ਦੇ ਵਸ ਪੈਣਗੇ ਤੇ ਜਮ ਦਾ ਡੰਡ ਸਿਰ ਤੇ ਸਹਿਣਗੇ। ਤਾਂ ਤੇ ਨਿਰਾ ਪੁੰਨੀ ਅਤੇ ਧਰਮੀ ਹੋਣਾ ਭੀ ਸਭ ਪਾਖੰਡ ਰੂਪ ਹੈ, ਕਲਿਆਣਕਾਰੀ ਹਰਗਿਜ਼ ਨਹੀਂ।

**ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥**
**ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥**
**ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ॥**
**ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ॥੩੭॥**
(**ਸਲੋਕ ਮ: ੩, ਪੰਨਾ: ੧੪੧੭**)

ਇਸ ਗੁਰਵਾਕ-ਪੰਗਤੀ ਅਨੁਸਾਰ ਹੋਮ ਜਗ ਆਨਮਤੀ ਤੀਰਥਾਂ ਦੀ ਕਿਰਿਆ ਆਦਿਕ ਸਭ ਖੋਲ੍ਹ ਕੇ ਦਰਸਾਈ ਗਈ ਹੈ। ਯਥਾ ਵਿਆਖਿਆ-

ਆਨਮਤੀ ਲੋਗ ਆਪਣੇ ਆਪ ਨੂੰ ਪੰਡਿਤ ਸਦਾਉਣ ਵਾਲੇ ਬਥੇਰਾ ਪੁਰਾਣ ਆਦਿਕ ਆਨਮਤੀ ਪੁਸਤਕਾਂ ਨੂੰ ਪੜ੍ਹ ਚੁੱਕੇ ਅਤੇ ਉਨ੍ਹਾਂ ਆਨਮਤੀ ਪੁਸਤਕਾਂ ਵਿਚ ਦੱਸੀ ਹੋਈ ਅਨਿਕ ਪ੍ਰਕਾਰ ਦੀ ਹੋਮ ਜਗ ਆਦਿਕ ਕਿਰਿਆ ਕਰ ਥਕੇ ਤੇ ਸਾਰੇ ਆਨਮਤੀ ਤੀਰਥਾਂ 'ਤੇ ਭਰਮ ਥਕੇ, ਪ੍ਰੰਤੂ ਉਨ੍ਹਾਂ ਉਤੇ ਮਾਇਆ-ਮਮਤਾ ਮਈ ਵਿਸ ਚੜ੍ਹੀ ਰਹੀ, ਨਾ ਹੀ ਉਤਰੀ। ਮਿਟੀ ਹੀ ਨਹੀਂ, ਸਗੋਂ ਉਲਟਾ ਹਉਮੈ ਰੂਪੀ ਗਰਬ ਗੁਬਾਰ ਉਨ੍ਹਾਂ ਉਤੇ ਸਵਾਰ ਹੋ ਗਿਆ। ਇਸ ਹਉਮੈ ਮਮਤਾ ਦੇ ਕਾਰਨ ਉਹ ਆਨਮਤੀ ਲੋਗ ਆਵਣ ਜਾਵਣ ਰੂਪੀ ਚੁਰਾਸੀ ਦੇ ਗੇੜ ਵਿਚ ਹੀ ਪਏ ਰਹੇ। ਤੇ ਹਉਮੈ ਮਮਤਾ ਰੂਪੀ ਮੈਲ ਸਤਿਗੁਰੂ ਨੂੰ ਮਿਲ ਕੇ ਹੀ ਉਤਰਦੀ ਹੈ ਅਤੇ ਸਤਿਗੁਰੂ ਨੂੰ ਮਿਲ ਕੇ ਹੀ ਵਾਹਿਗੁਰੂ ਪੁਰਖ ਸੁਜਾਣ ਜਪਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਤਿਨ੍ਹਾਂ ਗੁਰਮੁਖਾਂ ਵਿਟਹੁੰ ਸਦਾ ਕੁਰਬਾਨ ਜਾਂਦੇ ਹਨ ਜਿਨ੍ਹਾਂ ਨੇ ਵਾਹਿਗੁਰੂ-ਨਾਮ ਦੀ ਸਿਮਰਨ ਰੂਪੀ ਸੇਵਾ ਸਾਸ ਗ੍ਰਾਸ ਕੀਤੀ ਹੈ।

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥**
(**ਸਲੋਕ ਮ: ੩, ਪੰਨਾ: ੧੪੨੦-੨੧**)

ਗੁਰਮਤਿ ਅਨੁਸਾਰ ਸੱਚੜਾ ਜੋਗ-ਸੰਨਿਆਸ ਗ੍ਰਿਹਸਤ ਵਿਖੇ ਹੀ ਰਹਿ ਕੇ, ਗੁਰਮਤਿ ਨਾਮ ਦਾ ਅਤੁੱਟ ਅਭਿਆਸ ਕਰਦਿਆਂ ਹੋਇਆਂ ਹੀ ਪ੍ਰਾਪਤ ਹੋ ਜਾਂਦਾ ਹੈ; ਬਾਹਰ ਰਹਿ ਕੇ ਧੀਆਂ ਪੁੱਤਾਂ ਨੂੰ ਛਡ ਕੇ ਜੋਗ-ਸੰਨਿਆਸ ਧਾਰਨ ਕਰਨ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ। ਆਨਮਤੀ ਲੋਗ ਜੋ ਗ੍ਰਿਹਸਤ ਛਡ ਕੇ ਜੋਗ-ਸੰਨਿਆਸ ਦਾ ਕੂੜਾਵਾ ਵੇਸ ਧਾਰਨ ਕਰਦੇ ਹਨ, ਉਨ੍ਹਾਂ ਦੇ ਅੰਦਰੋਂ ਮੋਹ-ਮਮਤਾ ਮਈ ਮੈਲ ਨਹੀਂ ਜਾਂਦੀ, ਚਾਹੇ ਕਿਤਨੇ ਹੀ ਭਗਵੇਂ ਵੇਸ ਕਰੀ ਫਿਰਨ। ਸਤਿਗੁਰੂ ਨਾਨਕ ਦੇਵ ਜੀ ਦਾ ਐਸਾ ਉਪਦੇਸ਼ ਹੈ ਕਿ ਘਰ ਹੀ ਬੈਠਿਆਂ ਗ੍ਰਿਹਸਤ ਮਾਰਗ ਦੇ ਧਾਰਨ ਕਰਦਿਆਂ ਹੀ ਵਾਹਿਗੁਰੂ ਅਕਾਲ ਪੁਰਖ ਨਾਲ ਜੁੜ ਜਾਈਦਾ ਹੈ, ਇਸ ਬਿਧਿ ਵਾਹਿਗੁਰੂ ਨਾਲ ਜੁੜਨਾ ਹੀ ਸੱਚਾ ਜੋਗ ਹੈ।

**ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ॥**
**ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ॥੬੫॥**
(**ਸਲੋਕ ਮ: ੩, ਪੰਨਾ: ੧੪੨੧**)

ਗੁਰੂ ਨਾਨਕ ਸਾਹਿਬ ਇਸ ਸਲੋਕ ਦੁਆਰਾ ਨਿਖਾਰ ਕੇ ਦਸਦੇ ਹਨ ਕਿ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਅਤੇ ਸੱਚਾ ਸਤਿਗੁਰੂ ਭੇਟਣ ਕਰ ਕੇ ਹੀ ਸੱਚੇ ਵਾਹਿਗੁਰੂ ਨੂੰ ਮਿਲ ਸਕੀਦਾ ਹੈ, ਨਹੀਂ ਤਾਂ ਭਾਵੇਂ ਆਨਮਤੀ ਲੋਗ ਚਹੁੰਆਂ ਕੁੰਟਾਂ ਵਿਚ ਭਉਂਦੇ ਫਿਰਨ ਤੇ ਚਹੁੰਆਂ ਵੇਦਾਂ ਦਾ ਮੁਖਾਗਰ ਪਾਠ ਕਰਦੇ ਫਿਰਨ, ਕੁਛ ਨਹੀਂ ਬਣਦਾ।

**ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ॥**
**ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ॥੪॥**
(**ਸਲੋਕ ਮ: ੫, ਪੰਨਾ: ੧੪੨੫**)

ਇਸ ਵਾਰ ਦੋਤੁਕੀ ਅੰਦਰ ਗੁਰਮਤਿ ਅਨੁਸਾਰ ਬੇਦ-ਬੇਤਾ ਬ੍ਰਾਹਮਣ ਨਹੀਂ ਕਹਾ ਸਕਦਾ, ਬਲਕਿ ਸੱਚਾ ਬ੍ਰਾਹਮਣ ਉਹ ਹੈ ਜੋ ਬ੍ਰਹਮ ਵਾਹਿਗੁਰੂ ਦਾ ਬੇਤਾ ਤੇ ਗਿਆਤਾ ਹੈ।

ਵਿਆਖਿਆ-ਹੇ ਬ੍ਰਾਹਮਣ! ਮੈਨੂੰ ਤਾਂ ਇਕੋ ਵਾਹਿਗੁਰੂ ਹੀ ਲੱਖਾਂ ਵਰਗਾ ਹੈ, ਜਿਸ ਦੇ ਦਰ ਉਤੇ ਤੇਰੇ ਵਰਗੇ ਕਿੰਨੇ ਹੀ ਮੰਗਣ ਵਾਲੇ ਹਨ। ਜਨਮ ਕਰਕੇ ਤੂੰ ਬ੍ਰਾਹਮਣ ਕਹਾਉਂਦਾ ਹੈਂ, ਪਰ ਤੇਰਾ ਬ੍ਰਾਹਮਣ ਜਨਮ ਬਿਰਥਾ ਹੀ ਗਿਆ, ਜਦੋਂ ਤੈਂ ਅਪਨੇ ਸਿਰਜਨਹਾਰ ਵਾਹਿਗੁਰੂ ਨੂੰ ਵਿਸਾਰ ਦਿਤਾ। ਉਸ ਬ੍ਰਾਹਮਣ ਦਾ ਜਨਮ ਬਿਅਰਥ ਹੀ ਜਾਂਦਾ ਹੈ ਜੋ ਵਾਹਿਗੁਰੂ ਸਿਰਜਨਹਾਰ ਨੂੰ ਵਿਸਾਰ ਦਿੰਦਾ ਹੈ। ਤਾਂ ਤੇ ਸਿਧ ਹੋਇਆ ਕਿ ਗੁਰਮਤਿ ਅਨੁਸਾਰ ਸੱਚਾ ਬ੍ਰਾਹਮਣ ਉਹੀ ਹੈ ਜੋ ਇਕ ਨਿਮਖ ਭਰ ਵੀ ਵਾਹਿਗੁਰੂ ਨੂੰ ਨਹੀਂ ਵਿਸਾਰਦਾ, ਉਸੇ ਬ੍ਰਾਹਮਣ ਦਾ ਜਨਮ ਸਕਾਰਥਾ ਹੈ। ਵਾਹਿਗੁਰੂ ਦੇ ਸਿਮਰਨ ਬਾਝੋਂ ਬ੍ਰਾਹਮਣ ਐਵੇਂ ਬਿਰਥਾ ਹੀ ਕਹਾਉਂਦਾ ਹੈ, ਉਸ ਦਾ ਜਨਮ ਵੀ ਅਕਾਰਥ ਹੀ ਜਾਂਦਾ ਹੈ, ਬੇਦ-ਬੇਤਾ ਬੇਦ-ਗਿਆਤਾ ਬ੍ਰਾਹਮਣ ਕਹਾ ਹੀ ਨਹੀਂ ਸਕਦਾ ਗੁਰਮਤਿ ਅਨੁਸਾਰ।

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
**ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ॥੪੬॥**
(**ਸਲੋਕ ਮ: ੯, ਪੰਨਾ: ੧੪੨੮**)

ਇਸ ਵਾਰ ਦੋ-ਤੁਕੀ ਅੰਦਰ ਤੀਰਥ, ਬਰਤ ਅਤੇ ਦਾਨ ਆਦਿਕ ਸਭ ਆਨਮਤ ਕਰਮ ਹਨ। ਤੀਰਥ (ਆਨਮਤ ਧਰਮ ਦੇ ਤੀਰਥਾਂ ਤੋਂ ਮੁਰਾਦ ਹੈ) ਵੀ, ਬਰਤ ਤੇ ਦਾਨ ਆਨਮਤ ਕਰਮ ਹੀ ਹਨ। ਇਨ੍ਹਾਂ ਸਭ ਆਨਮਤੀ ਕਰਮ ਬਰਤ ਦਾਨ ਆਦਿ ਦੇ ਕੀਤਿਆਂ ਕਰਨਹਾਰੇ ਪ੍ਰਾਣੀ ਦਾ ਨਿਸਫਲ ਹੀ ਸਾਰਾ ਪ੍ਰੀਸ਼ਰਮ ਜਾਂਦਾ ਹੈ। ਐਸੇ ਹੀ ਜਾਂਦਾ ਹੈ ਜੈਸੇ ਕਿ ਕੁੰਚਰ (ਹਾਥੀ) ਦਾ ਨਹਾਣਾ ਨਿਹਫਲ ਜਾਂਦਾ ਹੈ, ਕਿਉਂਕਿ ਉਹ ਜਲ ਤੋਂ ਬਾਹਰ ਨਿਕਲ ਕੇ ਖੇਹ ਹੀ ਉਡਾਉਂਦਾ ਹੈ ਤੇ ਖ਼ਾਕ ਹੀ ਆਪਣੇ ਉਪਰ ਪਾਉਂਦਾ ਹੈ। ਤਾਂ ਤੇ ਆਨਮਤ ਤੀਰਥਾਂ ਤੇ ਨ੍ਹਾਉਣ ਵਾਲਿਆਂ ਦਾ ਅਤੇ ਆਨਮਤ ਕਰਮ ਕਰਨ ਵਾਲਿਆਂ ਦਾ ਜਨਮ ਸਭ ਨਿਹਫਲ ਹੀ ਜਾਂਦਾ ਹੈ।

**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥**
(**ਸਲੋਕ ਮ: ੯, ਪੰਨਾ: ੧੪੨੯**)

ਇਸ ਤੁਕ ਅੰਦਰ ਰਘੁਨਾਥ ਪਦ ਇਕ ਸੰਕੇਤਕ ਪਦ ਹੈ, ਜੋ ਵਾਹਿਗੁਰੂ ਪ੍ਰਥਾਇ ਸੰਕੇਤਿਆ ਗਿਆ ਹੈ, ਰਘੂ ਕੁਲ ਦੇ ਨਾਥ ਵਾਲਾ ਰਾਮਚੰਦਰ ਨਹੀਂ ਹੈ।

(... ਬਾਕੀ ਅਗਲੇ ਅੰਕ 'ਚ)

ਗੁਰਮਤਿ ਕੀਰਤਨ ਕੋਈ ਸੰਗੀਤਕ ਵਿਦਿਆ ਨਹੀਂ ਹੈ ਅਤੇ ਨਾ ਹੀ ਇਹ ਕੋਈ ਪੇਸ਼ਾ ਹੈ, ਜਿਵੇਂ ਕਿ ਅੱਜ-ਕੱਲ੍ਹ ਰੁਝਾਨ ਬਣਿਆ ਹੋਇਆ ਹੈ। ਗੁਰਮਤਿ ਕੀਰਤਨ ਰੱਬੀ ਕੀਰਤੀ, ਸਾਧਨਾ ਅਤੇ ਬੰਦਗੀ ਦਾ ਨਾਂਅ ਹੈ। ਪਰ ਅਜੋਕੇ ਰੁਝਾਨ ਵਿਚ ਹਰ ਪਾਸੇ ਕੀਰਤਨ ਨੂੰ ਇਕ ਸੰਗੀਤਕ ਵਿਦਿਆ ਅਤੇ ਪੇਸ਼ੇ ਵਜੋਂ ਹੀ ਉਭਾਰਿਆ ਜਾ ਰਿਹਾ ਹੈ ਜਦੋਂਕਿ ਗੁਰਮਤਿ ਕੀਰਤਨ ਦੀ ਤੱਤ-ਪਾਕੀਜ਼ਗੀ ਅਤੇ ਮੌਲਿਕਤਾ ਨੂੰ ਸੰਭਾਲਣ ਵਾਲੇ ਵਿਰਲੇ ਹੀ ਨਜ਼ਰੀਂ ਪੈ ਰਹੇ ਹਨ। ਗੁਰਮਤਿ ਕੀਰਤਨ ਦੀ ਮੌਲਿਕਤਾ ਅਤੇ ਅਸਲ ਭਾਵਨਾ ਨੂੰ ਸੁਰਜੀਤ ਰੱਖਣ ਅਤੇ ਅਜੋਕੇ ਪੇਸ਼ੇਵਰ ਰਾਗੀ, ਕੀਰਤਨੀਆਂ ਲਈ ਸਾਡੇ ਇਤਿਹਾਸ ਵਿਚਲੇ ਰਾਗੀ ਭਾਈ ਮਨਸਾ ਸਿੰਘ ਅਤੇ ਰਾਗੀ ਭਾਈ ਹੀਰਾ ਸਿੰਘ ਵਰਗੇ ਗੁਰੂ-ਘਰ ਦੇ ਨਿਸ਼ਕਾਮ ਅਤੇ ਤਿਆਗੀ-ਬੈਰਾਗੀ ਕੀਰਤਨੀਏ ਚਾਨਣ-ਮੁਨਾਰਾ ਹਨ। ਅਸੀਂ ਹਥਲੇ ਲੇਖ ਵਿਚ ਉਕਤ ਦੋਵਾਂ ਮਹਾਨ ਗੁਰਸਿੱਖ ਰਾਗੀ ਸਿੰਘਾਂ ਦੇ ਤਿਆਗੀ-ਬੈਰਾਗੀ ਜੀਵਨ ਬਾਰੇ ਜਾਣਕਾਰੀ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਖ਼ੁਸ਼ੀ ਹਾਸਲ ਕਰਨ ਦਾ ਯਤਨ ਕਰ ਰਹੇ ਹਾਂ।

-ਸੰਪਾਦਕ

# ਦੋ ਅਲੌਕਿਕ ਗੁਰੂ ਕੇ ਕੀਰਤਨੀਏ

## ਰਾਗੀ ਭਾਈ ਮਨਸਾ ਸਿੰਘ

ਮਹਾਰਾਜਾ ਰਣਜੀਤ ਸਿੰਘ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਅਨੂਪਮ ਕੀਰਤਨ ਦੀ ਸਰੋਤ ਕੰਨੀਂ ਪਈ। ਗਾਵੀਂ ਜਾ ਰਹੀ ਬਾਣੀ ਹਿਰਦੇ ਹਲੂਣਦੀ ਜਾਂਦੀ ਅਤੇ ਮਨ ਮਾਇਕ ਪ੍ਰਭਾਵ 'ਚੋਂ ਉੱਚਾ ਉੱਠ ਕੇ ਗੁਰੂ ਚਰਨਾਂ ਵਿਚ ਜੁੜਦਾ ਜਾਂਦਾ। ਮਹਾਰਾਜੇ ਨੂੰ ਕੀਰਤਨ ਦਾ ਐਸਾ ਇਲਾਹੀ ਸੁਆਦ ਆਇਆ ਕਿ ਉਹ ਕੀਰਤਨ ਕਰ ਰਹੇ ਸਿੰਘ ਵੱਲ ਖਿੱਚਿਆ ਗਿਆ।

ਜਦੋਂ ਗਹੁ ਕੀਤਾ ਤਾਂ ਵੇਖਿਆ ਕਿ ਕੀਰਤਨੀਆ ਸਿੰਘ ਰੰਗ-ਰੱਤੜੀ ਤੇ ਵੈਰਾਗਮਈ ਵੈਰਾਗ ਵਾਨ ਵਿਚ ਸੇਜਲ ਨੇਤਰੀਂ ਬਾਣੀ ਗਾਉਂਦਾ ਬਟ-ਬਉਰਾ ਹੋ ਰਿਹਾ ਹੈ ਅਤੇ ਕਿਸੇ ਆਉਂਦੇ-ਜਾਂਦੇ ਦੀ ਉਸ ਨੂੰ ਸੋਝੀ ਤੱਕ ਨਹੀਂ। ਉਸ ਦੇ ਕੱਪੜੇ ਬੜੇ ਸਾਫ਼-ਸੁਥਰੇ ਸਨ, ਪਰ ਕਿਤੇ-ਕਿਤੇ ਟਾਕੀਆਂ ਲੱਗੀਆਂ ਹੋਈਆਂ ਮਹਾਰਾਜੇ ਦੇ ਨਜ਼ਰੀਂ ਪੈ ਗਈਆਂ। ਹੈਰਾਨ ਹੋ ਗਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦਾ ਢਾਡੀ ਹੋਵੇ ਤੇ ਇਸ ਦੇ ਕੱਪੜੇ ਮਸਤਾਨੇ ਹੋਣ।

ਕੀਰਤਨ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆ ਗਿਆ। ਉਸ ਕੀਰਤਨੀਏ ਸਿੰਘ ਬਾਰੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਇਸ ਦਾ ਨਾਂਅ ਮਨਸਾ ਸਿੰਘ ਹੈ। ਇਹ ਸ਼ਹਿਰ ਦੇ ਅੰਦਰ ਇਕ ਸੰਘਣੀ ਗਲੀ ਵਿਚ ਮਾੜੇ ਜਿਹੇ ਘਰ ਵਿਚ ਰਹਿੰਦਾ ਹੈ ਅਤੇ ਮਾੜੀ-ਮੋਟੀ ਕਿਰਤ ਕਰਕੇ, ਗ਼ਰੀਬੀ ਦਾਅਵੇ ਨਾਲ ਗੁਜ਼ਾਰਾ ਕਰਦਾ ਹੈ। ਡੇਰੇ 'ਤੇ ਪਹੁੰਚ ਕੇ ਮਹਾਰਾਜੇ ਦੇ ਮਨ ਅੰਦਰ ਚਾਅ ਉੱਠਿਆ ਕਿ ਅਜਿਹੇ ਗੁਰਸਿੱਖ ਦੀ ਮਦਦ ਮੈਨੂੰ ਕਰਨੀ ਚਾਹੀਦੀ ਹੈ। ਇਸ ਵਿਚਾਰ ਨਾਲ ਆਪਣੇ ਕੁਝ ਲਾਮ-ਲਸ਼ਕਰ ਨਾਲ ਹਾਥੀ 'ਤੇ ਸਵਾਰ ਹੋਇਆ ਅਤੇ ਕੀਮਤੀ ਹੀਰੇ-ਮੋਤੀਆਂ ਦਾ ਥਾਲ਼ ਭਰ ਕੇ ਸਿੰਘ ਦੇ ਦੱਸੇ ਘਰ ਵੱਲ ਚੱਲ ਪਿਆ। ਜਦ ਗਲੀ ਵਿਚ ਲਾਮ-ਲਸ਼ਕਰ ਪੁੱਜਾ ਤਾਂ ਹਾਥੀ ਦੀ ਆਮਦ 'ਤੇ ਰੌਣਕ-ਮੇਲਾ ਵੇਖ ਕੇ ਬੱਚੇ ਚਾਂਘੀਆਂ ਪਾਉਂਦੇ ਅੱਗੇ-ਪਿੱਛੇ ਭੱਜੇ ਫਿਰਨ। ਉਹ ਸਿੰਘ ਘਰ ਵਿਚ ਆਪਣਾ ਲੰਗਰ ਸਜਾ ਰਿਹਾ ਸੀ। ਪੁੱਛਿਆ ਕਿ ਬਾਹਰ ਇਹ ਕਾਹਦਾ ਰੌਲ਼ਾ-ਗੌਲ਼ਾ ਹੈ? ਪਤਾ ਲੱਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਆ ਰਹੀ ਹੈ। ਸਿੰਘ ਨੇ ਆਪਣੇ ਘਰ ਦਾ ਬੂਹਾ ਅੰਦਰੋਂ ਬੰਦ ਕਰ ਲਿਆ ਤਾਂ ਕਿ ਰੌਲ਼ਾ-ਗੌਲ਼ਾ ਇੱਥੋਂ ਲੰਘ ਜਾਏ ਅਤੇ ਉਹ ਫਿਰ ਆਪਣੀ ਸ਼ਾਂਤ ਬਿਰਤੀ ਵਿਚ ਟਿਕ ਸਕੇ। ਪਰ ਉਹ ਸਾਰਾ ਲਾਮ-ਲਸ਼ਕਰ ਉਸ ਦੇ ਦਰ ਅੱਗੇ ਆ ਕੇ ਰੁਕ ਗਿਆ। ਮਹਾਰਾਜੇ ਦੇ ਨਿਕਟਵਰਤੀ ਸੇਵਾਦਾਰਾਂ ਵਲੋਂ ਦਰ ਖੋਲ੍ਹਣ ਲਈ ਕਿਹਾ ਗਿਆ, ਪਰ ਜਵਾਬ ਕੋਈ ਨਾ। ਫਿਰ ਉੱਚੀ ਆਵਾਜ਼ ਦੇ ਕੇ ਆਖਿਆ ਕਿ ਸਿੰਘ ਜੀ, ਬੂਹਾ ਖੋਲ੍ਹੋ, ਮਹਾਰਾਜਾ ਜੀ ਆਪ ਤੁਹਾਡੇ ਘਰ ਚੱਲ ਕੇ ਆਏ ਹਨ ਅਤੇ ਤੁਹਾਡੀ ਸਹਾਇਤਾ ਲਈ ਕੁਝ ਮਾਇਆ ਦੇਣੀ ਚਾਹੁੰਦੇ ਹਨ। ਸਿੰਘ ਨੇ ਅੰਦਰੋਂ ਹੀ ਪੁੱਛਿਆ ਕਿ ਇਹ ਮਾਇਆ ਉਸ ਨੇ ਕਿੱਥੋਂ ਲਈ ਹੈ? ਬਾਹਰੋਂ ਉੱਤਰ ਸੀ, ਮਹਾਰਾਜਾ ਜੀ 'ਤੇ ਇਹ ਬਖ਼ਸ਼ਿਸ਼ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ। ਅੰਦਰੋਂ ਮੁੜ ਬੜੀ ਮਿੱਠੀ ਤੇ ਪਿਆਰੀ ਜਿਹੀ ਆਵਾਜ਼ ਆਈ ਕਿ ਜਿਸ ਦਰ ਦਾ ਮੰਗਤਾ ਮਹਾਰਾਜਾ ਹੈ, ਦਾਸ ਵੀ ਉਸੇ ਦਰ ਦਾ ਭਿਖਾਰੀ ਹੈ। ਦਾਸ ਦੀਆਂ ਲੋੜਾਂ ਥੁੜਾਂ ਮੇਰਾ ਗੁਰੂ ਰਾਮਦਾਸ ਪੂਰੀਆਂ ਕਰ ਰਿਹਾ ਹੈ, ਮੈਨੂੰ ਉਸ ਦਰ ਤੋਂ ਇਲਾਵਾ ਹੋਰ ਕਿਸੇ ਦਰ ਦੀ ਮੁਥਾਜੀ ਨਹੀਂ। ਬਾਹਰਲੇ ਲਾਮ-ਲਸ਼ਕਰ ਨੇ ਸਮਝਾਉਣ-ਬੁਝਾਉਣ ਤੇ ਬੂਹਾ ਖੁਲ੍ਹਵਾਉਣ ਲਈ ਬਥੇਰੇ ਯਤਨ ਕੀਤੇ ਪਰ ਅੰਦਰੋਂ ਕੋਈ ਜਵਾਬ ਮਿਲਣਾ ਬੰਦ ਹੋ ਗਿਆ ਅਤੇ ਮਹਾਰਾਜੇ ਨੂੰ ਨਿਰਾਸ਼ ਵਾਪਸ ਮੁੜਨਾ ਪਿਆ।

(੨)

## ਰਾਗੀ ਭਾਈ ਹੀਰਾ ਸਿੰਘ

ਤਿਆਗ ਤੇ ਬੈਰਾਗ ਦੀ ਮੂਰਤੀ ਭਾਈ ਹੀਰਾ ਸਿੰਘ ਜੀ ਰਾਗੀ ੪੬ ਵਰ੍ਹਿਆਂ ਦੀ ਸੰਸਾਰਕ ਯਾਤਰਾ ਪੂਰੀ ਕਰਕੇ ੧੯੨੬ ਵਿਚ ਸੱਚਖੰਡ ਨੂੰ ਪਿਆਨਾ ਕਰ ਗਏ ਪਰ ਆਪਣੀ ਜੀਵਨੀ ਬਚਪਨ ਤੋਂ ਲੈ ਕੇ ਅੰਤਲੇ ਸੁਆਸਾਂ ਤੱਕ ਗੁਰੂ ਲੇਖੇ ਲਾਈ ਰੱਖੀ। ਉੱਭਰ ਰਹੀ ਸਿੰਘ ਸਭਾ ਲਹਿਰ ਦੇ ਨਾਲ ਮਿਲ ਕੇ ਆਪ ਜੀ ਪਿੰਡਾਂ ਤੇ ਸ਼ਹਿਰਾਂ ਵਿਚ ਅਨੇਕਾਂ ਜ਼ਫ਼ਰ ਜਾਲ-ਜਾਲ ਕੇ ਪੁੱਜਦੇ ਰਹੇ ਅਤੇ ਗੁਰਬਾਣੀ ਦੇ ਮਿੱਠੇ ਕੀਰਤਨ ਅਤੇ ਗੁਰਮਤਿ ਦੀ ਰਸੀਲੀ ਵਿਆਖਿਆ ਦੁਆਰਾ, ਸਿੱਖ ਮਤ ਵਿਚ ਧਸੌੜੀਆਂ ਗਈਆਂ ਬ੍ਰਾਹਮਣੀ ਰੀਤਾਂ-ਰਸਮਾਂ ਅਤੇ ਸਨਾਤਨੀ-ਕਰਮਾਂ ਧਰਮਾਂ ਦੇ ਭਰਮ-ਜਾਲ ਕੱਟਦੇ, ਗੁਰਮਤਿ ਰਹਿਤ-ਰਹਿਣੀ ਨੂੰ ਉਜਾਗਰ ਕਰਦੇ ਰਹੇ।

ਭਾਈ ਹੀਰਾ ਸਿੰਘ ਜਦੋਂ ਅੰਮ੍ਰਿਤ ਵੇਲੇ ਅੰਮ੍ਰਿਤ ਬਾਣੀ ਦੀਆਂ ਸੁਰਾਂ ਅਲਾਪਦੇ ਤਾਂ ਐਸਾ ਸ਼ਾਂਤ ਵਾਤਾਵਰਨ ਛਾ ਜਾਂਦਾ ਕਿ ਉੱਖੜੀਆਂ ਤੇ ਟੁੱਟੀਆਂ ਸੁਰਤਾਂ ਵੀ ਗੁਰੂ ਚਰਨਾਂ ਵਿਚ ਜੁੜ ਕੇ ਅੰਮ੍ਰਿਤ ਰਸ ਮਾਣਦੀਆਂ ਹੁੰਦੀਆਂ। ਭਾਈ ਸਾਹਿਬ ਅੰਮ੍ਰਿਤ ਭਿੰਨੇ ਲੋਇਣਾਂ ਅਤੇ ਰੰਗ-

ਰੱਤੜੀ ਦਸ਼ਾ ਵਿਚ ਕੀਰਤਨ ਕਰਦਿਆਂ ਗੁਰੂ ਚਰਨਾਂ ਨਾਲ ਲਿਪਟੇ ਹੋਏ ਐਸੀ ਬੈਰਾਗ ਦਸ਼ਾ ਵਿਚ ਪੁੱਜ ਜਾਂਦੇ, ਜਿੱਥੇ ਉਨ੍ਹਾਂ ਦੇ ਆਪਣੇ ਨੇਤਰਾਂ ਵਿਚ ਵੀ ਜਲ-ਧਾਰਾ ਚੱਲ ਰਹੀ ਹੁੰਦੀ ਅਤੇ ਸੰਗਤਾਂ ਵੀ ਵੈਰਾਗ ਵਿਚ ਤ੍ਰਿਪ-ਤ੍ਰਿਪ ਹੰਝੂ ਕੇਰ ਰਹੀਆਂ ਹੁੰਦੀਆਂ। ਸ਼ਬਦ-ਕੀਰਤਨ ਉਪਰੰਤ ਜਦੋਂ ਉਹ ਗੁਰਮਤਿ ਦੀ ਵਿਆਖਿਆ ਕਰਦੇ ਤਾਂ ਉਨ੍ਹਾਂ ਦੀ ਜਾਦੂ-ਬਿਆਨੀ ਦਾ ਐਸਾ ਅਸਰ ਹੁੰਦਾ ਕਿ ਪੱਥਰ ਤੋਂ ਪੱਥਰ ਦਿਲ ਵੀ ਮੋਮ ਹੋ ਜਾਂਦੇ ਅਤੇ ਸਿੱਖ ਤਾਂ ਕਿਤੇ ਰਹੇ, ਸਿੱਖ ਧਰਮ ਦੇ ਨਿੰਦਕ ਅਤੇ ਕੱਟੜ ਦੋਖੀ ਆਰੀਆ ਸਮਾਜੀ ਵੀਰ ਤੇ ਅਨੇਕਾਂ ਹਿੰਦੂ-ਮੁਸਲਮਾਨ ਵੀ ਆਪ ਦੇ ਮ੍ਰਿਦੂਲ ਬਚਨਾਂ ਨਾਲ ਕੀਲੇ ਜਾਂਦੇ ਅਤੇ ਗੁਰੂ ਚਰਨਾਂ ਦੇ ਪ੍ਰੇਮੀ ਹੋ ਨਿੱਬੜਦੇ।

ਭਾਈ ਸਾਹਿਬ ਜੀ ਦੀ ਕਥਨੀ ਵਿਚ ਜੋ ਇਹ ਕਲਾ ਵਰਤਦੀ ਸੀ, ਉਸ ਦਾ ਕਾਰਨ ਜਿੱਥੇ ਗੁਰੂ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸੀ ਉੱਥੇ ਭਾਈ ਸਾਹਿਬ ਜੀ ਦੀ ਨਿੱਜੀ ਰਹਿਣੀ-ਬਹਿਣੀ ਬੜੀ ਕਮਾਲ ਦੀ ਸੀ। ਉਹ ਅੰਮ੍ਰਿਤ ਵੇਲੇ ਉੱਠਦੇ ਅਤੇ ਨਾਮ ਬਾਣੀ ਨਾਲ ਪਹਿਲੇ ਆਪਣੇ ਅੰਦਰਲੇ ਨੂੰ ਗੁਰ-ਚਰਨਾਂ ਨਾਲ ਜੋੜ ਕੇ ਸੂਰ ਕਰਦੇ, ਅੰਮ੍ਰਿਤ ਵੇਲੇ ਤੋਂ ਆਪਣੇ ਪਿਤਾ ਜੀ ਦੀ ਸੇਵਾ-ਸੰਭਾਲ ਕਰਦੇ ਅਤੇ ਫਿਰ ਇਸ ਸੇਵਾ-ਸਿਮਰਨ ਸਦਕੇ ਸੂਰ ਹੋਏ ਮਨ ਨਾਲ ਗੁਰ-ਸੰਗਤਾਂ ਵਿਚ ਜਾ ਜੁੜਦੇ, ਕੋਮਲ ਤੇ ਮਿੱਠ ਬਚਨਾਂ ਦੁਆਰਾ ਅੰਮ੍ਰਿਤ ਬਾਣੀ ਦੀ ਐਸੀ ਵਰਖਾ ਕਰਦੇ ਅਤੇ ਬਾਣੀ ਦੇ ਐਸੇ ਤੀਰ ਮਾਰਦੇ ਕਿ ਹਿਰਦੇ ਵਿੰਨ੍ਹੇ ਜਾਂਦੇ, ਗੁਰਸਿੱਖੀ ਲਈ ਅਥਾਹ ਪਿਆਰ ਸਰੋਤਿਆਂ ਦੇ ਹਿਰਦਿਆਂ ਵਿਚ ਜਗਾ ਦਿੰਦੇ। ਇਹ ਸਭ ਕੁਝ ਆਪ ਦੇ ਉੱਚੇ-ਸੁੱਚੇ ਜੀਵਨ ਦਾ ਕ੍ਰਿਸ਼ਮਾ ਸੀ। ਆਪ ਦੀ ਪ੍ਰੀਤੀ-ਪ੍ਰੇਰਨਾ ਨਾਲ ਅਨੇਕਾਂ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਰਹੇ ਅਤੇ ਸੈਂਕੜੇ ਹਿੰਦੂ ਪਰਿਵਾਰ ਅੰਮ੍ਰਿਤ ਛਕ ਕੇ ਸਿੰਘ ਸਜਦੇ ਰਹੇ। ਆਪ ਦੀ ਕਥਨੀ ਦੇ ਪ੍ਰਭਾਵ ਹੇਠ ਅਨਮਤੀਏ ਵੀ ਬਿਖਿਆ (ਤੰਬਾਕੂ) ਅਤੇ ਹੋਰ ਬੁਰਿਆਈਆਂ ਛੱਡ ਜਾਂਦੇ ਰਹੇ। ਆਪ ਜੀ ਗ੍ਰਹਿਸਤੀ ਹੁੰਦਿਆਂ ਤਿਆਗੀ ਬਿਰਤੀ ਵਿਚ ਵਿਚਰਦੇ ਰਹੇ ਅਤੇ ਕੀਰਤਨ ਭੇਟਾ ਮਾਇਆ ਦੇ ਢੇਰਾਂ ਦੇ ਢੇਰ ਸਿੱਖ-ਆਸ਼ਰਮਾਂ ਅਤੇ ਗੁਰੂ-ਸੇਵਾ ਵਿਚ ਲੇਖੇ ਲਾ ਦਿੰਦੇ ਰਹੇ। ਆਪਣੇ ਕੋਲ ਗੁਜ਼ਰਾਨ ਮਾਤਰ ਹੀ ਰੱਖਦੇ।

ਭਾਈ ਸਾਹਿਬ ਦੇ ਜੀਵਨ ਦਾ ਮੁੱਖ ਨਿਸ਼ਾਨਾ ਸੀ:

**ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ।।**
**ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ।।੨।।੪।।੪੩।।** (ਪੰਨਾ: ੩੮੧)

ਇਹੋ ਕਾਰਨ ਸੀ ਕਿ ਉਨ੍ਹਾਂ ਦੇ ਮੁੱਖ ਦੁਆਰਾ ਉਚਾਰੀ ਬਾਣੀ ਸਰੋਤਿਆਂ ਦੇ ਹਿਰਦਿਆਂ ਨੂੰ 'ਬਾਣ' ਹੋ ਕੇ ਵਿੰਨ੍ਹਦੀ ਜਾਂਦੀ ਅਤੇ ਸਭ ਪਾਸੇ ਮੂਰਛਤਾ ਜਿਹੀ ਛਾ ਜਾਂਦੀ। ਇਸ ਨਿੱਜੀ ਘਾਲ-ਕਮਾਈ ਦਾ ਜ਼ਿਕਰ ਸੰਤ ਸੱਜਣ ਸਿੰਘ ਜੀ ੩੦-੮-੫੧ ਦੇ ਖ਼ਾਲਸਾ ਸਮਾਚਾਰ ਵਿਚ ਇਉਂ ਕਰਦੇ ਹਨ:

"ਆਪ ਦੀ ਸ਼ਬਦ ਦੀ ਕਮਾਈ ਕਮਾਲ ਦੀ ਸੀ। ਇਕ ਵਾਰ ਇਹ ਦਾਸ ਕੋਹ-ਮੀਰ ਹੀ ਕਥਾ ਕਰਦਾ ਹੁੰਦਾ ਸੀ। ਕੁਰੀ-ਗੁਰਦੁਆਰਾ ਦੇ ਪ੍ਰਧਾਨ ਸ: ਸ਼ਾਮ ਸਿੰਘ ਜੀ ਨੇ ਦੱਸਿਆ ਕਿ ਇਕ ਰਾਤ ਮੇਰੀ ਜਾਗ ਖੁੱਲ੍ਹੀ ਤਾਂ ਪਹਾੜ ਵਿਚੋਂ ਰਸ-ਮਈ ਕੀਰਤਨ ਦੀ ਧੁਨਿ ਆਈ **'ਦਰਸਨੁ ਦੀਜੈ ਖੋਲਿ ਕਿਵਾਰ॥'** (ਪੰਨਾ: ੮੫੯)। ਮੇਰਾ ਮਨ ਖਿੱਚਿਆ ਗਿਆ ਤੇ ਉੱਠ ਕੇ ਸ਼ਬਦ ਦੀ ਸੇਧ 'ਤੇ ਤੁਰ ਪਿਆ। ਜਾ ਕੇ ਵੇਖਿਆ ਕਿ ਨਿਰ-ਜਨ ਇਕਾਂਤ ਵਿਚ ਭਾਈ ਹੀਰਾ ਸਿੰਘ ਜੀ ਇਕੱਲੇ ਕੀਰਤਨ ਦਾ ਰਸ ਮਾਣ ਰਹੇ ਸਨ। ਇਸ ਸ਼ਬਦ ਦੇ ਕੀਰਤਨ ਪਿੱਛੋਂ ਆਪ ਨੇ ਦੂਜਾ ਸ਼ਬਦ ਸ਼ੁਰੂ ਕੀਤਾ, 'ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥ ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਰ ਮਖੀਰਾ॥੨॥' ਤਾਂ ਇਨ੍ਹਾਂ ਤੁਕਾਂ ਦੇ ਰਸ ਵਿਚ ਐਸੇ ਲੀਨ ਹੋਏ ਕਿ ਚਿਰ ਕਾਲ ਤੱਕ ਚੁੱਪ ਰਹੇ।..."

ਆਪ ਜੀ ਆਪਣੇ ਪਿਤਾ ਭਾਗ ਸਿੰਘ ਜੀ ਨਾਲ ਮਿਲ ਕੇ ਕੀਰਤਨ ਕਰਦੇ ਹੁੰਦੇ ਸਨ। ਪਿਤਾ ਜੀ ਦੀ ਤਨੋ-ਮਨੋ ਸੇਵਾ ਕਰਨ ਦਾ ਜ਼ਿਕਰ ਕਰਦਿਆਂ ਭਾਈ ਤੇਜਾ ਸਿੰਘ ਜੀ ਕੋਹਲੀ ੨੫-੮-੫੨ ਦੇ ਖ਼ਾਲਸਾ ਸਮਾਚਾਰ ਵਿਚ ਲਿਖਦੇ ਹਨ:

"ਸ਼ਾਇਦ ਪੋਹ ਮਾਹ ਦੇ ਦਿਨ ਸਨ। ਰਾਤ ਤਿੰਨ ਕੁ ਵਜੇ ਦਾ ਵੇਲਾ ਸੀ। ਮੈਂ ਆਪਣੇ ਵਲੋਂ ਬਹੁਤ ਸਵੇਰ ਸਮਝ ਕੇ ਭਾਈ ਸਾਹਿਬ ਜੀ ਦੇ ਡੇਰੇ ਗਿਆ। ਭਾਈ ਸਾਹਿਬ ਇਸ਼ਨਾਨ ਕਰਕੇ ਬਾਪੂ ਜੀ ਲਈ ਪਾਣੀ ਗਰਮ ਕਰ ਰਹੇ ਸਨ। ਉਨ੍ਹਾਂ ਨੇ ਬਾਪੂ ਜੀ ਦੇ ਚਰਨਾਂ ਨੂੰ ਥੋੜ੍ਹਾ ਜਿਹਾ ਛੋਹ ਕੇ ਉਠਾਇਆ। ਪਾਣੀ, ਗੜਵੀ, ਦਾਤਣ ਅਤੇ ਤੇਲ-ਸਾਬਣ ਹਾਜ਼ਰ ਕੀਤਾ। ਆਪ ਉਨ੍ਹਾਂ ਦਾ ਕਛਹਿਰਾ-ਤੌਲੀਆ ਟੰਗ ਕੇ, ਆਪਣੇ ਮੰਜੇ ਦੇ ਕੋਲ ਭੁੰਜੇ ਆਸਣ ਵਿਛਾ ਕੇ ਬਹਿ ਗਏ। ਬਾਪੂ ਜੀ ਤੇ ਸਾਥੀ ਤਿਆਰ ਹੋ ਕੇ ਦੀਵਾਨ ਵਿਚ ਚਲੇ ਗਏ। ਸਵਾ ਕੁ ਘੰਟਾ ਮੈਂ ਉਨ੍ਹਾਂ ਕੋਲ ਬੈਠਾ। ਉਨ੍ਹਾਂ ਦੀ ਅਹਿੱਲ ਸਮਾਧੀ ਅਤੇ ਨੂਰਾਨੀ ਚਿਹਰੇ ਤੋਂ ਮਸਤਕ ਦੀ ਪ੍ਰਫੁੱਲਤਾ ਨੂੰ, ਲੈਂਪ ਦੇ ਮੱਧਮ ਚਾਨਣ ਵਿਚ ਵੇਖਦਾ ਰਿਹਾ। ਉਨ੍ਹਾਂ ਦੀ ਇਕਾਗਰਤਾ ਤੇ ਸਰੂਪ ਸੁੰਦਰਤਾ ਨੇ ਮੇਰੇ ਮਨ ਦੀ ਮਗਨਤਾ ਵਿਚ ਇਕ ਅਜੀਬ ਖ਼ੁਸ਼ੀ ਜਿਹੀ ਉਛਾਲੀ। ਸਾਢੇ ਚਾਰ ਕੁ ਵਜੇ ਉਹ ਉੱਠੇ ਤੇ ਮੈਨੂੰ **'ਚੱਲੀਏ' ਆਖ ਕੇ ਦੀਵਾਨ ਵਿਚ ਲੈ ਗਏ।...**"

ਭਾਈ ਹੀਰਾ ਸਿੰਘ ਜੀ ਜਿੱਥੇ ਨਾਮ-ਸਿਮਰਨ ਤੇ ਸੇਵਾ ਨੂੰ ਗੁਰਸਿੱਖੀ ਦਾ ਮੁੱਖ ਅੰਗ ਸਮਝਦੇ ਸਨ, ਉੱਥੇ ਆਪਣੀ ਮਾਣ-ਵਡਿਆਈ ਤੋਂ ਸਦਾ ਬਚਣ ਦਾ ਯਤਨ ਕਰਦੇ। ਆਪ ਦੇ ਭਰਾਤਾ ਭਾਈ ਪ੍ਰਧਾਨ ਸਿੰਘ ਜੀ ਰਾਗੀ ਆਪ ਜੀ ਦੇ ਜੀਵਨ 'ਤੇ ਰੌਸ਼ਨੀ ਪਾਉਂਦਿਆਂ ੩੦-੮-੫੧ ਦੇ ਖ਼ਾਲਸਾ ਸਮਾਚਾਰ ਵਿਚ ਲਿਖਦੇ ਹਨ:

"ਆਪ ਇਕ ਵਾਰ ਸੰਗਤਾਂ ਵਿਚ ਪ੍ਰਚਾਰ ਕਰਦੇ ਦੋ-ਤਿੰਨ ਮਹੀਨੇ ਲਗਾ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਆਪ ਚੌਂਕ ਕਰੋੜੀ ਸ੍ਰੀ ਅੰਮ੍ਰਿਤਸਰ ਨਿਵਾਸ ਰੱਖਦੇ ਸਨ। ਸੰਗਤਾਂ ਵਿਚ ਬੜੀ ਪ੍ਰਸੰਨਤਾ ਹੋਈ, ਜਿਸ ਨੂੰ ਭਾਈ ਸਾਹਿਬ ਨੇ ਆਪਣੇ ਜੀਵਨ ਲਈ ਹਾਨੀਕਾਰਕ ਸਮਝਿਆ। ਭਾਈ ਸਾਹਿਬ ਨੇ ਬਾਪੂ ਜੀ ਤੇ ਜਥੇ ਨੂੰ ਸਟੇਸ਼ਨ ਤੋਂ ਸਿੱਧਾ ਘਰ ਭੇਜ ਦਿੱਤਾ ਤੇ ਆਪ ਸਾਰੀ ਰਾਤ ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਸੁਖਮਨੀ ਸਾਹਿਬ ਤੇ ਜਪੁ ਸਾਹਿਬ ਦੇ ਪਾਠ ਅਥਵਾ ਭਜਨ-ਸਿਮਰਨ ਕਰਦਿਆਂ ਤੇ ਪਰਿਕਰਮਾ ਵਿਚ ਹੱਥੀਂ ਸੇਵਾ ਕਰਕੇ ਆਪਣੀ ਸੁਰਤ ਦਾ ਇਸ਼ਨਾਨ ਕੀਤਾ ਅਤੇ ਉਹ ਸਾਰੀ ਸੋਭਾ ਤੇ ਪ੍ਰਸੰਸਾ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਚਰਨਾਂ ਵਿਚ ਰੱਖ ਕੇ ਅਰਦਾਸਾ ਕੀਤਾ:

**"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ।। "** (ਅੰਗ: ੩੮੩)

ਆਪ ਦੀ ਸੁਰਤਿ ਗੁਰੂ ਚਰਨਾਂ ਵਿਚ ਜੁੜੀ ਹੋਣ ਕਰਕੇ, ਆਪ ਗੁਰੂ-ਪਿਆਰਿਆਂ, ਗੁਰਮੁਖ ਨਾਮ ਰਸ-ਬੀਧੇ ਗੁਰਸਿੱਖਾਂ ਦੇ ਪਰਮ ਪਾਰਖੂ ਸਨ। ਜੀਵਨ ਚਰਿੱਤਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ, "੧੯੧੩-੧੪ ਵਿਚ ਭਾਈ ਸਾਹਿਬ ਜਥੇ ਸਮੇਤ ਗੁਰਧਾਮਾਂ ਦੀ ਪੈਦਲ ਯਾਤਰਾ ਕਰਦੇ ਹੋਏ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਤਾਂ ਉੱਥੇ ਇਕ ਭਾਰੀ ਦੀਵਾਨ ਵਿਚ ਭਾਈ ਭਾਗ ਸਿੰਘ, ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ। ਸੰਗਤਾਂ ਦਾ ਬਹੁਤ ਭਾਰੀ ਇਕੱਠ ਸੀ। ਬੈਠਣ ਨੂੰ ਕਿਤੇ ਥਾਂ ਨਹੀਂ ਸੀ। ਭਾਈ ਹੀਰਾ ਸਿੰਘ ਜੀ ਦੀ ਰਮਜ਼-ਸ਼ਨਾਸ ਅੱਖ ਨੇ ਦੂਰੋਂ ਹੀ ਵੇਖ ਕੇ ਸੰਗਤਾਂ ਨੂੰ ਬਿਨੈ ਕੀਤੀ ਕਿ ਮਰਜੀਵੜੇ ਆ ਰਹੇ ਹਨ, ਇਨ੍ਹਾਂ ਸਿੰਘਾਂ ਲਈ ਮੇਰੇ ਸਾਹਮਣੇ ਜਗ੍ਹਾ ਖ਼ਾਲੀ ਕਰ ਦੇਵੋ। ਭਾਈ ਸਾਹਿਬ ਨੂੰ ਜਥੇ ਸਮੇਤ ਸਾਹਮਣੇ ਬਿਠਾ ਕੇ, ਉਸ ਦਿਨ ਭਾਈ ਹੀਰਾ ਸਿੰਘ ਜੀ ਨੇ ਨਿਰੋਲ ਕੀਰਤਨ ਹੀ ਕੀਤਾ ਅਤੇ ਵਿਆਖਿਆ ਵੱਲ ਧਿਆਨ ਹੀ ਨਾ ਦਿੱਤਾ। ਨਾਲੇ ਕੀਰਤਨ ਕਰੀ ਜਾਣ ਨਾਲੋਂ ਵੈਰਾਗ ਵਿਚ ਰੁਦਨ ਕਰੀ ਜਾਣ। ਭਾਈ ਸਾਹਿਬ ਵੀ ਡਾਢੀ ਵੈਰਾਗ ਦਸ਼ਾ ਵਿਚ ਹੋ ਗਏ। "

ਭਾਈ ਹੀਰਾ ਸਿੰਘ ਜੀ ਮਾਇਆ ਵਿਚ ਖੇਡਦੇ ਹੋਇਆਂ ਕਿਵੇਂ ਉਸ ਤੋਂ ਨਿਰਲੇਪ ਰਹਿੰਦੇ

ਅਤੇ ਸਭ ਕੁਝ ਗੁਰੂ-ਲੇਖੇ ਲਾ ਦਿੰਦੇ, ਇਸ ਬਾਰੇ ਬੀਬੀ ਉਤਮਜੀਤ ਕੌਰ ਜੀ ਦੀਆਂ ਇਹ ਸਤਰਾਂ ਪੜ੍ਹਨਯੋਗ ਹਨ:

"ਸਾਲਾਨਾ ਧਾਰਮਿਕ ਦੀਵਾਨ ਦੀ ਇਕ ਸਵੇਰ ਆਸਾ ਦੀ ਵਾਰ ਦੇ ਆਖ਼ਰੀ ਸਲੋਕਾਂ ਦੇ ਕੀਰਤਨ ਸਮੇਂ ਮੈਂ ਕਿੱਡੀ ਹੈਰਾਨ ਹੋਈ ਜਦੋਂ ਵੇਖਿਆ ਕਿ ਭਾਈ ਹੀਰਾ ਸਿੰਘ ਜੀ ਦੇ ਵਾਜੇ ਅੱਗੇ ਸੱਚੀਂ ਮੁਚੀ ਰੁਪਈਆਂ ਦਾ ਢੇਰ ਲੱਗਾ ਹੈ। ਉਹ ਆਪ ਤਾਂ ਮਧੁਰ ਬਾਣੀ ਦੀ ਮਧੁਰ ਕੀਰਤਨ ਦੀ ਗੁੰਜਾਰ ਵਿਚੀਂ ਅੱਖਾਂ ਮੀਟਿਆਂ, ਕੀਰਤਨ ਰੂਪ ਹੋਏ ਮਸਤ ਤੇ ਕਿਸੇ ਅਗੰਮੀ ਲੈਅ ਵਿਚ ਬਾਣੀ ਗਾਈ ਜਾਂਦੇ ਤੇ ਸ਼ਬਦ ਅਲਾਪਦੇ ਜਾ ਰਹੇ ਸਨ, **'ਮਾਈ ਮੈ ਧਨੁ ਪਾਇਓ ਹਰਿ ਨਾਮੁ।'** (੧੧੮੬) ਉਨ੍ਹਾਂ ਦੀ ਸੁਰਤੀ ਉਸ ਉੱਚੇ ਹਰਿ-ਨਾਮ ਵਿਚ ਗੜੂੰਦ ਸੀ। ਪਰ ਮੈਂ ਤਾਂ ਸਾਹਮਣੇ ਪਈ ਧਨ ਦੀ ਢੇਰੀ ਨੂੰ ਨਾਪ-ਤੋਲ ਰਹੀ ਸਾਂ; ਇੰਨੇ ਰੁਪਈਏ? ਇੰਨੀ ਵੱਡੀ ਉੱਚੀ ਢੇਰੀ ਰੁਪਈਆਂ ਦੀ? ਭੋਗ ਪੈਣ 'ਤੇ ਜਦੋਂ ਧਾਰਮਿਕ ਦੀਵਾਨ ਦੇ ਸਕੱਤਰ ਨੇ ਲੰਗਰ ਤੇ ਹੋਰ ਸੇਵਾਵਾਂ ਲਈ ਅਪੀਲ ਕੀਤੀ ਤਾਂ ਭਾਈ ਸਾਹਿਬ ਜੀ ਦੇ ਸੇਜਲ ਨੇਤਰ ਖੁੱਲ੍ਹੇ... ਤੇ ਹੱਥ ਜੋੜ ਗਲ ਵਿਚ ਜੋ ਹਮੇਸ਼ਾ ਉਹ ਪੱਲਾ ਰੱਖਦੇ ਸਨ, ਫੜ ਕੇ ਬੇਨਤੀ ਕੀਤੀ, 'ਇਹ ਮੇਰੇ ਵਾਜੇ ਸਾਹਮਣੇ ਪਿਆ ਧਨ (ਮਾਇਆ) ਲੰਗਰ ਲਈ ਸੁਫਲਾ ਲਵੋ ਤਾਂ ਦਾਸ ਆਪਣੇ ਧੰਨ ਭਾਗ ਸਮਝੇਗਾ।' ਇਹ ਪਹਿਲੀ ਹੈਰਾਨੀ ਨਾਲੋਂ ਇਹ ਕਿਤੇ ਵਧੀਕ ਸੋਚਣੀ ਸੀ। **'ਐਸੋ ਹੀਰਾ.... ਨਿਰਮਲ ਨਾਮੁ'** (ਅੰਗ: ੧੧੪੨), ਜੋ ਭਾਈ ਹੀਰਾ ਸਿੰਘ ਜੀ ਕੀਰਤਨੀਏ ਦੇ ਰੋਮ-ਰੋਮ ਵਿਚ ਸਿੰਜਰ ਚੁੱਕਾ ਸੀ, ਉਹ ਕਿਉਂ ਵੱਡਾ ਤਿਆਗੀ ਨਾ ਹੋ ਸਕੇ। ਇਹ ਤੁੱਛ ਰੁਪਈਆਂ ਦੀ ਢੇਰੀ ਉਨ੍ਹਾਂ ਦੇ ਜੀਵਨ ਦਾ ਆਧਾਰ ਕਿਵੇਂ ਹੋ ਸਕਦੀ ਸੀ? ਉਨ੍ਹਾਂ ਦੀ ਸੁਰਤ ਤਾਂ ਸਦਾ ਉੱਚੇ ਗਗਨਾਂ ਵਿਚ ਨਾਮ-ਮਖ਼ਮੂਰ ਹੋ ਕੇ ਹਲਕੀ ਫੁਲ ਖ਼ੁਸ਼ਬੂਆਂ ਖਿਲਾਰਦੀ ਰਹਿੰਦੀ ਸੀ।"

(੩)

ਅੱਜ ਸਿੱਖ ਪੰਥ ਵਿਚ ਬੜੇ-ਬੜੇ ਗੁਣੀ ਗਿਆਨੀ, ਵਿਦਵਾਨ, ਪ੍ਰਚਾਰਕ ਤੇ ਰਾਗਾਂ ਦੇ ਧਨੀ ਕੀਰਤਨੀਏ ਮੌਜੂਦ ਹਨ। ਇਨ੍ਹਾਂ ਵਿਚੋਂ ਉਹ ਵਿਅਕਤੀ ਧੰਨਤਾ ਯੋਗ ਹਨ, ਜੋ ਪਹਿਲਾਂ ਆਪ ਨਿੱਤ ਅੰਮ੍ਰਿਤ ਵੇਲੇ ਗੁਰੂ-ਚਰਨਾਂ ਵਿਚ ਜੁੜਦੇ ਹਨ, ਨਾਮ-ਬਾਣੀ ਦਾ ਅਭਿਆਸ ਕਰਦੇ ਹਨ ਅਤੇ ਆਪਣਾ ਮਨ ਸੋਧਦੇ ਪ੍ਰਬੋਧਦੇ ਹਨ, ਸਿਮਰਨ ਦੇ ਨਾਲ-ਨਾਲ ਗੁਰਸਿੱਖ ਸੰਗਤਾਂ ਦੀ ਸੇਵਾ ਵਿਚ ਹੱਥ ਵਟਾਉਂਦੇ ਹਨ, ਗ਼ਰੀਬੀ ਵਿਚ ਰਹਿੰਦੇ ਹੋਏ ਆਪਣੀ ਮਾਣ-ਵਡਿਆਈ ਤੋਂ ਬਚਦੇ ਹਨ। ਇਸ ਸੇਵਾ-ਸਿਮਰਨ ਤੇ ਗ਼ਰੀਬੀ ਸਦਕਾ ਵੈਰਾਗ-ਬਿਰਤੀ ਵਿਚ ਵਿਚਰਦੇ ਹੋਏ, ਬਾਣੀ, ਕੀਰਤਨ ਤੇ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤਾਂ ਨੂੰ ਗੁਰੂ-ਚਰਨਾਂ ਨਾਲ ਜੋੜਨ ਵਿਚ ਸਹਾਈ ਹੁੰਦੇ ਹਨ। ਮਾਇਆ ਦੀ ਪਕੜ ਵਿਚ ਨਹੀਂ ਆਉਂਦੇ, ਸਗੋਂ ਗੁਰੂ ਕੀ ਮਾਇਆ ਗੁਰੂ ਕੇ ਲੇਖੇ ਲਾਉਣ ਤੋਂ ਸੰਕੋਚ ਨਹੀਂ ਕਰਦੇ।

ਪਰ ਸਮੁੱਚੇ ਤੌਰ 'ਤੇ ਵੇਖਣ ਵਿਚ ਆ ਰਿਹਾ ਹੈ ਕਿ ਉਪਰੋਕਤ ਪੱਖੋਂ ਸਿੱਖ ਕੌਮ ਵਿਚ ਐਸੇ ਧਾਰਮਿਕ ਵਿਅਕਤੀ ਨਜ਼ਰੀਂ ਨਹੀਂ ਆ ਰਹੇ। ਅੰਮ੍ਰਿਤ ਵੇਲੇ ਨਾਮ-ਸਿਮਰਨ ਵਿਚ ਸੁਰਤ ਜੋੜਨੀ ਤਾਂ ਕਿਤੇ ਰਹੀ, ਬਹੁਤ ਥੋੜ੍ਹੇ ਰਾਗੀ, ਪ੍ਰਚਾਰਕ ਜਾਂ ਗ੍ਰੰਥੀ ਲੱਭਣਗੇ, ਜੋ ਸਵੇਰੇ ਇਸ਼ਨਾਨੇ ਸੋਧ ਕੇ ਪੰਜਾਂ ਬਾਣੀਆਂ ਦਾ ਪਾਠ ਵੀ ਕਰਦੇ ਹੋਣਗੇ। ਜਿੱਥੇ ਆਪਣੀ ਸੁਰਤ ਨਾਮ-ਬਾਣੀ ਦੇ ਅਭਿਆਸ ਨਾਲ ਜੁੜੀ ਨਹੀਂ, ਉੱਥੇ ਮਨ ਦੀ ਇਕਾਗਰਤਾ ਕਿਵੇਂ ਆ ਸਕਦੀ ਹੈ?

ਮਨ ਦੀ ਇਕਾਗਰਤਾ ਬਿਨਾਂ ਬਾਣੀ ਕੀਰਤਨ ਤੇ ਗੁਰਮਤਿ ਪ੍ਰਚਾਰ ਨਾਲ ਸਰੋਤਿਆਂ ਦੇ ਮਨ ਕਿਵੇਂ ਇਕਾਗਰ ਹੋ ਕੱਸਦੇ ਹਨ ਤੇ ਗੁਰੂ-ਚਰਨਾਂ ਨਾਲ ਜੁੜ ਸਕਦੇ ਹਨ? ਇਸ ਦਸ਼ਾ ਵਿਚ ਬਾਣੀ ਪੜ੍ਹਦਿਆਂ ਖਿੰਡਿਆ ਮਨ ਇੱਧਰ-ਉੱਧਰ ਹੀ ਝਾਕਦਾ ਰਹੇਗਾ। ਬਾਣੀ ਦੇ ਅੰਮ੍ਰਿਤ-ਰਸ ਨੂੰ ਟਿਕੇ ਹੋਏ ਮਨ ਨਾਲ ਹੀ ਮਾਣਿਆ ਜਾ ਸਕਦਾ ਹੈ, ਟਿਕੀ ਹੋਈ ਸੁਰਤ ਹੀ ਆਪ ਅੰਮ੍ਰਿਤ ਰਸ ਭੁੰਚਦੀ ਹੈ ਅਤੇ ਸਾਥੀ ਗੁਰਸਿੱਖਾਂ ਨੂੰ ਅੰਮ੍ਰਿਤ ਰਸ ਭੁੰਚਾ ਸਕਦੀ ਹੈ ਅਤੇ ਇਉਂ ਬਾਣੀ ਨੂੰ ਸਹੀ ਅਰਥਾਂ ਵਿਚ ਸਫਲਾ ਕਰਦੀ ਹੈ-

**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥**
**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ॥੧॥ਰਹਾਉ॥** (ਅੰਗ: ੩੬੦)

ਅਸੀਂ ਕਹਿ ਰਹੇ ਹੁੰਦੇ ਹਾਂ ਕਿ ਮਨ ਗੁਰੂ-ਚਰਨਾਂ ਦਾ ਮਤਵਾਲਾ ਹੋ ਗਿਆ ਹੈ, ਨਾਮ-ਰਸ ਪੀ ਰਿਹਾ ਹੈ, ਸਹਿਜ ਰੰਗ ਰਸ ਵਿਚ ਰਚ ਰਿਹਾ ਹੈ, ਪ੍ਰੇਮ-ਉਛਾਲਿਆਂ ਵਿਚ ਵਾਹਿਗੁਰੂ ਜੀ ਨਾਲ ਲਿਵ ਲਗ ਗਈ ਹੈ, ਆਦਿ। ਪਰ ਇਹ ਸਭ ਕੁਝ ਕੇਵਲ ਬਾਹਰ ਮੁਖੀ ਅਲਾਪ ਰਹੇ ਹੁੰਦੇ ਹਾਂ, ਸਾਡਾ ਅੰਦਰਲਾ ਸਹੀ ਅਰਥਾਂ ਵਿਚ ਸੂਰ ਨਹੀਂ ਹੋਇਆ ਹੁੰਦਾ। ਜੇ ਅੰਦਰਲਾ ਨਾਮ-ਰਸ ਵਿਚ ਮਤਵਾਲਾ ਹੋਇਆ ਹੋਵੇ ਤਾਂ ਫਿਰ ਸ਼ਰਾਬ ਕਬਾਬ, ਭੰਗ ਤੇ ਅਫ਼ੀਮ ਆਦਿ ਕੁਹਜੇ ਨਸ਼ਿਆਂ ਵੱਲ ਸੁਰਤ ਜਾ ਹੀ ਨਹੀਂ ਸਕਦੀ।

ਇਨ੍ਹਾਂ ਨਸ਼ਿਆਂ ਵਿਚ ਫਸ ਕੇ ਸਾਡੇ ਬਹੁਤੇ ਰਾਗੀਆਂ, ਪ੍ਰਚਾਰਕਾਂ ਦੇ ਜੀਵਨ ਕੁਕਰਮੀ ਹੋ ਰਹੇ ਹਨ। ਸਾਡੇ ਰਾਗੀ, ਪ੍ਰਚਾਰਕ ਮਾਇਆਵੀ ਪ੍ਰਭਾਵ ਵਿਚ ਭਟਕਦੇ ਹੋਏ ਉਹੋ ਕੁਝ ਕਰ ਰਹੇ ਹਨ, ਜੋ ਕੁਝ ਗੁਰੂ ਪਾਤਸ਼ਾਹ ਨੇ ਪੰਡਤਾਂ ਦੀ ਮਾਦਾ-ਦ੍ਰਿਸ਼ਟੀ ਵੇਖ ਕੇ ਫ਼ਰਮਾਇਆ ਸੀ:

**ਪੰਡਿਤ ਭੁਲਿ ਭੁਲਿ ਮਾਇਆ ਵੇਖਹਿ, ਦਿਖਾ ਕਿਨੈ ਕਿਹੁ ਆਣਿ ਚੜ੍ਹਾਇਆ॥੨॥੧੨॥** (ਅੰਗ: ੫੧੩)

ਅੱਜ ਅਸੀਂ ਮਾਇਆ ਨੂੰ ਮੁੱਖ ਰੱਖਿਆ ਹੋਇਆ ਹੈ, ਮਾਇਆ ਦਾ ਵਾਪਾਰ ਬਣਾਇਆ ਹੋਇਆ ਹੈ। ਜਦੋਂ ਅਸੀਂ ਗ਼ਰੀਬੀ, ਨਿਰਮਾਣਤਾ ਅਤੇ ਦਾਸਨ ਭਾਵ ਵਿਚ ਵਿਚਰਨ ਦੀ ਥਾਂ, ਹਉਮੈ-ਹੰਕਾਰ ਅਧੀਨ ਗੁਰੂ ਬਾਣੀ ਗਾਉਂਦੇ-ਉਚਾਰਦੇ ਹਾਂ ਤਾਂ ਸਤਿਗੁਰੂ ਸੱਚਾ ਪਾਤਸ਼ਾਹ ਸਾਡੇ ਇਸ ਪਾਖੰਡ ਨੂੰ ਜਾਣਦੇ-ਪਛਾਣਦੇ ਹਨ ਅਤੇ ਗੁਰਬਾਣੀ ਵਿਚ ਸਾਡੀ ਇਸ ਰੁਚੀ ਨੂੰ ਨੰਗਾ ਕਰਦੇ ਹਨ:

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥ ਹਉਮੈ ਵਿਚ ਗਾਵਹਿ ਬਿਰਥਾ ਜਾਇ॥੧॥** (ਅੰਗ: ੧੫੮)

ਹਉਮੈ ਵਿਚ ਗਾਉਣ ਨਾਲ ਮਨ ਵਿਚ ਨਾਮ ਦਾ ਸੁਆਦ ਆ ਹੀ ਨਹੀਂ ਸਕਦਾ। ਸੱਚੇ ਪ੍ਰੇਮ-ਪਿਆਰ ਤੋਂ ਬਿਨਾਂ ਨਾਮ-ਰਸ ਕਿਵੇਂ ਆ ਸਕਦਾ ਹੈ? ਹਉਮੈ ਵਿਚ ਗਾਵਿਆ ਕਿਸੇ ਲੇਖੇ ਨਹੀਂ।

ਵੈਰਾਗੀ ਤਿਆਗੀ ਅਤੇ ਪਰਉਪਕਾਰੀ ਸੁਰਤੀ ਧਾਰਨ ਕੀਤੇ ਬਿਨਾਂ ਗੁਰਮਤਿ ਤੇ ਗੁਰਬਾਣੀ ਦਾ ਪ੍ਰਚਾਰ ਹੋ ਨਹੀਂ ਸਕਦਾ। ਅੱਜ ਸਭ ਪਾਸੇ ਬਾਣੀ ਦੇ ਪਾਠ, ਕੀਰਤਨ ਦਰਬਾਰ ਅਤੇ ਗੁਰਮਤਿ ਪ੍ਰਚਾਰ ਦੇ ਡੰਕੇ ਵੱਜ ਰਹੇ ਹਨ, ਪਰ ਇਸ ਸਭ ਕਾਸੇ ਦਾ ਅਸਰ ਮਨ ਕਬੂਲਦੇ ਨਹੀਂ। ਇਹੋ ਬਾਣੀ ਸੀ ਜੋ ਗੁਰੂ ਪਾਤਸ਼ਾਹ ਦੇ ਮੁਖਾਰਬਿੰਦ ਰਾਹੀਂ ਇਕ-ਇਕ ਬਾਣ ਹੋ ਕੇ ਹਿਰਦਿਆਂ ਨੂੰ ਵਿੰਨ੍ਹੀਂ ਜਾਂਦੀ ਸੀ ਅਤੇ ਚੋਰਾਂ, ਯਾਰਾਂ, ਠੱਗਾਂ, ਧਾੜਵੀਆਂ ਦੇ ਜੀਵਨ ਪਲਟ ਜਾਂਦੀ ਸੀ ਅਤੇ ਉਹ ਪਰਉਪਕਾਰੀ ਸਿੱਖ ਸੰਤ ਬਣ ਜਾਂਦੇ ਸਨ।

ਬਾਣੀ ਉਹੀ ਹੈ, ਉਹੋ ਪਾਰਸ-ਕਲਾ ਰੱਖਦੀ ਹੈ, ਕੇਵਲ ਘਾਟਾ ਹੈ ਸਾਡੇ ਆਪਣੇ ਵਿਚ। ਗੁਰੂ ਪਾਤਸ਼ਾਹ ਦੀ ਬਖ਼ਸ਼ੀ ਅਮੋਲਕ ਦਾਤ, ਸਾਫ਼ ਤੇ ਨਿਰਮਲ ਹਿਰਦੇ ਨਾਲ ਜਦੋਂ ਦੂਜੇ ਮਨਾਂ ਤੱਕ ਪੁਚਾਈ ਜਾਵੇਗੀ ਤਦੋਂ ਹੀ ਜੀਵਨ ਪਲਟੇ ਜਾ ਸਕਣਗੇ ਅਤੇ ਠੱਗੀ, ਫ਼ਰੇਬੀ, ਆਪੋ-ਧਾਪੀ ਆਦਿ ਤੋਂ ਛੁਟਕਾਰਾ ਹੋ ਕੇ ਗੁਰਸਿੱਖੀ ਪ੍ਰਫੁਲਿਤ ਹੋ ਸਕੇਗੀ।

ਅੱਜ ਸਿੱਖ ਕੌਮ ਦੀ ਜੋ ਭੈੜੀ ਦਸ਼ਾ ਹੋ ਰਹੀ ਹੈ, ਇਹ ਤਾਂ ਹੀ ਸੁਧਰ ਸਕਦੀ ਹੈ ਜੇ ਸਾਡੇ ਮੁਖੀ, ਮੁਹਾਣੇ, ਰਾਗੀ, ਪ੍ਰਚਾਰਕ, ਗ੍ਰੰਥੀ ਆਦਿ ਬੈਰਾਗੀ, ਤਿਆਗੀ, ਨਿਰਮਾਣ ਤੇ ਨਿਰਲੋਭ, ਪਰਉਪਕਾਰੀ ਜੀਵਨ ਦੇ ਧਾਰਨੀ ਹੋ ਕੇ ਨਾਮ-ਬਾਣੀ ਨੂੰ ਪ੍ਰਚਾਰਨਗੇ। ਇਹ ਗੱਲ ਯਕੀਨੀ ਹੈ ਕਿ ਜਗਦੇ ਦੀਵੇ ਨਾਲ ਹੀ ਦੀਵਾ ਜਗ ਸਕਦਾ ਹੈ, ਬੁਝਿਆ ਹੋਇਆ ਦੀਵਾ ਕਿਸੇ ਨੂੰ ਚਾਨਣ ਨਹੀਂ ਦੇ ਸਕਦਾ। ਗੁਰਵਾਕ ਹੈ:

**ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥੭॥** (ਅੰਗ: ੯੦੭)

# ਅੱਖੀਂ ਡਿੱਠਾ ਜੂਨ ੧੯੮੪ ਦਾ ਘੱਲੂਘਾਰਾ

**ਭਾਈ ਗੁਰਦਿਆਲ ਸਿੰਘ**

੩ ਜੂਨ, ੧੯੮੪ ਐਤਵਾਰ ਦਾ ਦਿਨ ਸੀ। ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹਰੇਕ ਸਾਲ ਦੀ ਤਰ੍ਹਾਂ ਐਤਕੀਂ ਵੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅਤੇ ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਵਿਚਕਾਰ ਖੁੱਲ੍ਹੇ ਅਸਥਾਨ ’ਤੇ ਮਨਾਇਆ ਜਾਣਾ ਸੀ। ਅਸੀਂ ਕਰਫ਼ਿਊ ਲੱਗਾ ਹੋਣ ਕਰਕੇ ਉਥੇ ਨਾ ਜਾ ਸਕੇ। ਮਹੱਲੇ ਵਿਚੋਂ ਕੁਝ ਸਿੰਘਾਂ ਨੂੰ ਦੇਖ ਕੇ ਅਸੀਂ ਵੀ (ਕਰਫ਼ਿਊ ਵਿਚ ਦੋ ਘੰਟੇ ਦੀ ਢਿੱਲ ਹੋਣ ਕਰਕੇ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਮੇਰੇ ਨਾਲ ਲਗਭਗ ਤੇਰਾਂ ਸਾਲ ਦਾ ਇਕ ਲੜਕਾ ਕਾਕਾ ਗੁਰਮੁਖ ਸਿੰਘ ਸੀ। ਅਸੀਂ ਤਕਰੀਬਨ ਪੌਣੇ ਸੱਤ ਵਜੇ ਸ਼ਾਮ ਨੂੰ ਸਾਈਕਲਾਂ ’ਤੇ ਚੱਲੇ ਸਾਂ। ਅੱਗੇ ਬਾਜ਼ਾਰਾਂ ਵਿਚ ਮਿਲਟਰੀ ਕਾਫ਼ੀ ਆ ਚੁੱਕੀ ਸੀ। ਅਸੀਂ ਸੱਤ ਵੱਜ ਕੇ ਦਸ ਮਿੰਟ ’ਤੇ ਸ੍ਰੀ ਦਰਬਾਰ ਸਾਹਿਬ ਪੁੱਜ ਗਏ। ਉਥੇ ਜਾ ਕੇ ਪਤਾ ਲੱਗਾ ਕਿ ਕਰਫ਼ਿਊ ਸਾਢੇ ਸੱਤ ਵਜੇ ਬੰਦ ਹੋ ਜਾਣਾ ਹੈ, ਇਸ ਲਈ ਅਸੀਂ ਸਰਾਂ ਵਾਲੇ ਪਾਸੇ ਜੋੜੇ-ਘਰ ਵਿਚ ਜੋੜੇ ਤੇ ਸਾਈਕਲ ਰੱਖ ਕੇ ਕਾਹਲੀ-ਕਾਹਲੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਗਏ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਦਰਸ਼ਨ ਕਰਕੇ ਵਾਪਸੀ ’ਤੇ ਅਸੀਂ ਘੰਟਾ-ਘਰ ਵਾਲੇ ਪਾਸੇ ਡਿਓੜੀ ਤੋਂ ਸੰਗਤਾਂ ਤੋਂ ਪਤਾ ਕੀਤਾ ਕਿ ਇੱਧਰ ਦੀ ਘਰਾਂ ਨੂੰ ਵਾਪਸ ਜਾਣ ਦਿੰਦੇ ਹਨ ਕਿ ਨਹੀਂ। ਨਾਂਹ ਹੋਣ ਕਰਕੇ ਅਸੀਂ ਸ਼ਹੀਦਾਂ ਦੇ ਗੁਰਦੁਆਰੇ ਵਾਲੇ ਰਾਹ ਨੂੰ (ਜੋ ਕਿ ਕਰਫ਼ਿਊ ਲੱਗਾ ਹੋਣ ਦੌਰਾਨ ਖੁੱਲ੍ਹਾ ਰਹਿੰਦਾ ਸੀ) ਗਏ ਤੇ ਉਧਰੋਂ ਵਾਪਸ ਆ ਰਹੇ (ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਲਾਗਿਓਂ) ਤਿੰਨ ਕੁ ਬੀਬੀਆਂ ਅਤੇ ਇਕ ਸਿੱਖ ਤੋਂ ਪੁੱਛਿਆ ਕਿ ਇੱਧਰ ਦੀ ਜਾਣ ਦਿੰਦੇ ਹਨ ਕਿ ਨਹੀਂ ? ਉਨ੍ਹਾਂ ਕਿਹਾ ਕਿ ਮਿਲਟਰੀ ਵਾਲੇ ਕਿਸੇ ਪਾਸੇ ਜਾਣ ਨਹੀਂ ਦਿੰਦੇ, ਅਸੀਂ ਵੀ ਨਿਰਾਸ਼ ਹੋ ਕੇ ਵਾਪਸ ਆ ਗਏ। ਹੁਣ ਸਾਨੂੰ ਰਾਤ ਵਿਸ਼ਰਾਮ ਕਰਨ ਦੀ ਸੋਚ ਸੀ। ਅਸੀਂ ਗੁਰੂ ਨਾਨਕ ਨਿਵਾਸ ਦੀ ਉੱਪਰਲੀ ਛੱਤ ਉੱਪਰ ਰਾਤ ਕੱਟੀ। ਦਾਸ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ੪ ਜੂਨ ਨੂੰ ਚਾਰ ਵਜੇ ਪਾਲਕੀ ਸਾਹਿਬ (ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਜਾਈ ਜਾਂਦੀ ਹੈ) ਨਾਲ ਰਲ ਗਿਆ। ਸਾਢੇ ਚਾਰ ਵਜੇ ਪਹਿਲਾ ਮੁਖਵਾਕ (ਹੁਕਮਨਾਮਾ) ਲਿਆ ਗਿਆ। ਕੀਰਤਨ ਫਿਰ ਅਰੰਭ ਹੋ ਗਿਆ। ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ (ਜੋ ਕਿ ਐਕਸ਼ਨ ਦੌਰਾਨ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸ਼ਹੀਦ ਹੋ ਗਏ ਸਨ) ਜਥੇ ਸਮੇਤ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਕਰ ਰਹੇ ਸਨ। ਤਕਰੀਬਨ ਚਾਰ ਵੱਜ ਕੇ ਚਾਲ੍ਹੀ ਮਿੰਟ ਹੋਏ ਹੋਣਗੇ ਇਕ ਬਹੁਤ ਹੀ ਜ਼ੋਰਦਾਰ ਗੋਲੇ ਦਾ ਧਮਾਕਾ ਹੋਇਆ, ਜਿਸ ਬਾਰੇ ਸੰਗਤਾਂ ਵਿਚ ਵੱਖ-ਵੱਖ ਚਰਚਾ ਸੀ ਕਿ ਗੋਲਾ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਬਾਹਰ ਡਿੱਗਿਆ ਹੈ। ਪਰੰਤੂ ਬਾਅਦ ਵਿਚ ਹੋਰ ਸੰਗਤਾਂ ਨੇ ਦੱਸਿਆ ਕਿ ਗੋਲਾ ਸਿੰਧੀਆਂ ਦੀ ਧਰਮਸ਼ਾਲਾ (ਜੋ ਕਿ ਗੁਰਦੁਆਰਾ ਥੜ੍ਹਾ ਸਾਹਿਬ ਕੋਲ ਸੀ) ਉਥੇ ਡਿੱਗਿਆ ਹੈ। ਖੈਰ ਗੋਲਾ ਡਿੱਗਿਆ ਪਰ ਜਾਨੀ ਨੁਕਸਾਨ ਕੋਈ ਨਹੀਂ ਸੀ ਹੋਇਆ। ਸ੍ਰੀ ਦਰਬਾਰ ਸਾਹਿਬ ਦੇ ਅੰਦਰ/ਬਾਹਰ ਬੈਠੀ ਸੰਗਤ ਅੱਗੇ-ਪਿੱਛੇ ਹੋ ਗਈ। ਹਰਿ ਕੀ ਪੌੜੀ ਵਾਲੇ ਦਰਵਾਜ਼ੇ ਨੂੰ ਛੱਡ ਕੇ ਬਾਕੀ ਤਿੰਨੇ ਦਰਵਾਜ਼ੇ ਬੰਦ ਕਰ ਦਿੱਤੇ। ਬਸ ਫੇਰ

ਕੀ ਸੀ, ਆਸੇ-ਪਾਸੇ ਤੋਂ ਗੋਲਿਆਂ/ਗੋਲੀਆਂ ਦੀਆਂ ਕੁਝ ਬਰੀਕ ਤੇ ਕੁਝ ਭਰਵੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਗੁਰੂ ਸੰਗਤ ਦੇ ਕੁਝ ਪ੍ਰਾਣੀ ਵਰ੍ਹਦੀ ਗੋਲੀ ਦੇ ਵਿਚ ਹੀ ਪਰਕਰਮਾ ਦੇ ਕਮਰਿਆਂ ਵਿਚ ਜਾਂ ਜਿੱਥੇ ਕਿਤੇ ਵੀ ਕਿਸੇ ਨੂੰ ਜਗ੍ਹਾ ਮਿਲੀ, ਚਲੇ ਗਏ। ਅੰਦਰ ਕੀਰਤਨ ਜਾਰੀ ਰਿਹਾ। ਰਾਗੀ ਸਿੰਘਾਂ ਦਾ ਜਥਾ ਜੇਕਰ ਕੋਈ ਨਹੀਂ ਆਉਂਦਾ ਸੀ ਤਾਂ ਸੰਗਤ ਵਿਚੋਂ ਪ੍ਰੇਮੀ ਸਿੰਘ ਕੀਰਤਨ ਦੀ ਚੌਂਕੀ ਸ਼ੁਰੂ ਕਰ ਦਿੰਦੇ ਸਨ। ਖ਼ੈਰ ਰਾਤ ਨੂੰ ਪ੍ਰਚਲਿਤ ਮਰਿਯਾਦਾ ਅਨੁਸਾਰ ਸੋਦਰੁ ਦੀ ਚੌਂਕੀ ਉਪਰੰਤ ਆਰਤੀ ਸਾਹਿਬ ਦੇ ਕੀਰਤਨ ਤੋਂ ਬਾਅਦ (ਅਗਾਂਹ ਕੀਰਤਨ ਜਾਰੀ ਰੱਖਣ ਦੀ ਬਜਾਏ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰਿ ਕੀ ਪੌੜੀ ਉੱਪਰ, ਕਮਰੇ ਵਿਚ ਜਿੱਥੇ ਵੱਡੀ ਬੀੜ ਦਾ ਪ੍ਰਕਾਸ਼ ਹੁੰਦਾ ਹੈ, ਸੁਖਾਸਨ ਕਰ ਦਿੱਤਾ ਗਿਆ। ਅਸੀਂ ੪ ਜੂਨ ਦੀ

ਰਾਤ ਦਾ ਵਿਸ਼ਰਾਮ ਝੰਡੇ ਬੁੰਗੇ ਦੇ ਲਾਗੇ ਇਕ ਕਮਰੇ ਵਿਚ ਕੀਤਾ। ਗਰਮੀ ਬਹੁਤ ਜ਼ਿਆਦਾ ਹੋਣ ਕਰਕੇ ਅਤੇ ਗੋਲੀਆਂ ਦੀ ਲਗਾਤਾਰ ਖੜਖੜਾਹਟ ਹੋਣ ਕਰਕੇ ਨੀਂਦ ਨਹੀਂ ਆਈ। ਮੇਰੇ ਨਾਲ ਇਕ ਸਿੰਘ (ਭਾਈ ਅਵਤਾਰ ਸਿੰਘ ਪਾਰੋਵਾਲ ਜ਼ਿਲ੍ਹਾ ਗੁਰਦਾਸਪੁਰ) ਰਲ ਗਿਆ। ਮਰਿਯਾਦਾ ਅਨੁਸਾਰ ੫ ਜੂਨ ਨੂੰ ਸ੍ਰੀ ਦਰਬਾਰ

> ੫ ਜੂਨ ਨੂੰ ਫ਼ਾਇਰਿੰਗ ਦਾ ਕੰਮ ਬਹੁਤ ਤੇਜ਼ ਹੋ ਗਿਆ ਸੀ। ਫ਼ੌਜ ਸ੍ਰੀ ਦਰਬਾਰ ਸਾਹਿਬ ਦੇ ਨੇੜੇ-ਨੇੜੇ ਆ ਰਹੀ ਸੀ। ਕੀਰਤਨ ਅਜੇ ਤੱਕ ਜਾਰੀ ਸੀ। ਕਈ ਜਥੇ ਕੀਰਤਨ ਦੀ ਚੌਂਕੀ ’ਤੇ ਨਾ ਪਹੁੰਚ ਸਕੇ। ਉਨ੍ਹਾਂ ਦੀ ਜਗ੍ਹਾ ਜਿਹੜਾ ਰਾਗੀ ਜਥਾ ਅੰਦਰ ਸੀ, ਉਹੀ ਕੀਰਤਨ ਦੀ ਚੌਂਕੀ ਭਰਦਾ ਜਾਂ ਕੁਝ ਪ੍ਰੇਮੀ ਸਿੰਘ ਵੀ ਕੀਰਤਨ ਦੀ ਚੌਂਕੀ ਭਰਦੇ ਸਨ। ਅੰਦਰ ਬੈਠੇ ਸੇਵਾਦਾਰ/ਪ੍ਰੇਮੀ ਸਿੰਘ ਕਦੀ-ਕਦੀ ਖੁੱਲ੍ਹੀ ਹਵਾ ਲੈਣ ਲਈ ਹਰਿ ਕੀ ਪੌੜੀ ਦੇ ਜੰਗਲੇ ਕੋਲ ਆ ਜਾਂਦੇ। ਭੁੱਖ-ਪਿਆਸ ਤੰਗ ਕਰਦੀ ਤਾਂ ਸਰੋਵਰ ਦਾ ਜਲ ਛਕ ਲੈਂਦੇ। ਇਕ ਸਿੰਘ ਸੰਗਤ ਨੂੰ ਥੋੜ੍ਹਾ-ਬਹੁਤ ਲੰਗਰ ਵਰ੍ਹਦੀ ਗੋਲੀ ਵਿਚ ਆ ਕੇ ਛਕਾ ਗਿਆ ਸੀ। ਹਰਿ ਕੀ ਪੌੜੀ ’ਤੇ ਬੈਠਿਆਂ ਅਸੀਂ ਲੰਗਰ ਦੀ ਇਮਾਰਤ ਉੱਤੇ, ਉੱਚੇ ਬੁਰਜਾਂ (ਰਾਮਗੜ੍ਹੀਆ ਬੁੰਗੇ) ਉੱਤੇ ਅਤੇ ਪਾਣੀ ਦੀ ਟੈਂਕੀ ਉੱਤੇ ਗੋਲੇ ਵਰ੍ਹਦੇ ਦੇਖੇ।

ਸਾਹਿਬ ਵਿਖੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਕੀਰਤਨ ਵੀ ਆਰੰਭ ਹੋ ਗਿਆ। ਗੋਲੀ ਚੱਲਦੀ ਰਹੀ।

ਅਸੀਂ ਦੋਵੇਂ ਸਿੰਘ ਗੋਲੀਆਂ ਦੀ ਬੁਛਾੜ ਵਿਚ ਲੰਮੇ ਪੈ-ਪੈ ਕੇ ਅਤੇ ਕਦੇ ਦੌੜ ਕੇ ਪਹਿਲੇ ਹੁਕਮਨਾਮੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚ ਗਏ। ਮੁਖਵਾਕ ਹੋਇਆ। ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਭਾਈ ਅਮਰੀਕ ਸਿੰਘ ਜੀ ਦਾ ਜਥਾ ਹੀ ਕਰ ਰਿਹਾ ਸੀ ਜੋ ਸ੍ਰੀ ਆਸਾ ਜੀ ਕੀ ਵਾਰ ਦੇ ਭੋਗ ਤੋਂ ਉਪਰੰਤ ਵਰ੍ਹਦੀ ਗੋਲੀ ਵਿਚ ਬਾਹਰ ਨਿਕਲ ਗਏ ਅਤੇ ਪਰਕਰਮਾ ਵਿਚ ਸ਼ਹੀਦੀ ਪਾ ਗਏ।

੫ ਜੂਨ ਨੂੰ ਫ਼ਾਇਰਿੰਗ ਦਾ ਕੰਮ ਬਹੁਤ ਤੇਜ਼ ਹੋ ਗਿਆ ਸੀ। ਫ਼ੌਜ ਸ੍ਰੀ ਦਰਬਾਰ ਸਾਹਿਬ ਦੇ ਨੇੜੇ-ਨੇੜੇ ਆ ਰਹੀ ਸੀ। ਕੀਰਤਨ ਅਜੇ ਤੱਕ ਜਾਰੀ ਸੀ। ਕਈ ਜਥੇ ਕੀਰਤਨ ਦੀ ਚੌਂਕੀ ’ਤੇ ਨਾ ਪਹੁੰਚ ਸਕੇ। ਉਨ੍ਹਾਂ ਦੀ ਜਗ੍ਹਾ ਜਿਹੜਾ ਰਾਗੀ ਜਥਾ ਅੰਦਰ ਸੀ, ਉਹੀ ਕੀਰਤਨ ਦੀ ਚੌਂਕੀ ਭਰਦਾ ਜਾਂ ਕੁਝ ਪ੍ਰੇਮੀ ਸਿੰਘ ਵੀ ਕੀਰਤਨ ਦੀ ਚੌਂਕੀ ਭਰਦੇ ਸਨ। ਅੰਦਰ ਬੈਠੇ ਸੇਵਾਦਾਰ/ਪ੍ਰੇਮੀ ਸਿੰਘ ਕਦੀ-ਕਦੀ ਖੁੱਲ੍ਹੀ ਹਵਾ ਲੈਣ ਲਈ ਹਰਿ ਕੀ ਪੌੜੀ ਦੇ ਜੰਗਲੇ ਕੋਲ ਆ ਜਾਂਦੇ। ਭੁੱਖ-ਪਿਆਸ ਤੰਗ ਕਰਦੀ ਤਾਂ ਸਰੋਵਰ ਦਾ ਜਲ ਛਕ ਲੈਂਦੇ। ਇਕ ਸਿੰਘ ਸੰਗਤ ਨੂੰ ਥੋੜ੍ਹਾ-ਬਹੁਤ ਲੰਗਰ ਵਰ੍ਹਦੀ ਗੋਲੀ ਵਿਚ ਆ ਕੇ ਛਕਾ ਗਿਆ ਸੀ। ਹਰਿ ਕੀ ਪੌੜੀ ’ਤੇ ਬੈਠਿਆਂ ਅਸੀਂ ਲੰਗਰ ਦੀ ਇਮਾਰਤ ਉੱਤੇ, ਉੱਚੇ ਬੁਰਜਾਂ (ਰਾਮਗੜ੍ਹੀਆ ਬੁੰਗੇ) ਉੱਤੇ ਅਤੇ ਪਾਣੀ ਦੀ ਟੈਂਕੀ ਉੱਤੇ ਗੋਲੇ

ਵਰ੍ਹਦੇ ਦੇਖੇ। ਪਾਣੀ ਦੀ ਟੈਂਕੀ ਸਾਡੇ ਦੇਖਦਿਆਂ-ਦੇਖਦਿਆਂ ਲੀਕ ਕਰਨ ਲੱਗ ਪਈ ਸੀ। ਪਾਣੀ ਸਾਰਾ ਖ਼ਤਮ ਹੋ ਗਿਆ ਸੀ ਜਿਸ ਨਾਲ ਬਾਹਰਲੀ ਸੰਗਤ ਬਹੁਤ ਮੁਸ਼ਕਲ ਵਿਚ ਫ਼ਸ ਗਈ। ਟੂਟੀਆਂ ਵਿਚ ਪਾਣੀ ਆਉਣਾ ਬੰਦ ਹੋ ਗਿਆ ਅਤੇ ਬਿਜਲੀ ਵੀ ਬੰਦ ਹੋ ਗਈ। ਅਸੀਂ ਪੰਜ-ਛੇ ਵਜੇ ਦੇ ਕਰੀਬ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਅੰਦਰ ਚਲੇ ਗਏ, ਕਿਉਂਕਿ ਗੋਲੀ ਦਾ ਖ਼ਤਰਾ ਹੁਣ ਹਰਿ ਕੀ ਪੌੜੀ ’ਤੇ ਵੀ ਪ੍ਰਤੀਤ ਹੋਣ ਲੱਗ ਪਿਆ ਸੀ। ਸਰੋਵਰ ਵਿਚ ਵੀ ਗੋਲੇ ਡਿੱਗਦੇ ਦੇਖੇ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਚਾਰੇ ਦਰਵਾਜ਼ੇ ਬੰਦ ਹੋਣ ਕਰਕੇ ਗਰਮੀ ਦੀ ਅੱਤ ਹੋਣ ਕਾਰਨ ਅੰਦਰ ਸਾਹ ਘੁਟਵਾਂ ਅਤੇ ਤੰਗ ਜਿਹਾ ਵਾਤਾਵਰਨ ਹੋ ਗਿਆ ਸੀ। ਸੋਦਰੁ ਦੀ ਚੌਂਕੀ ਵੇਲੇ ਪਾਠ ਕਰਨ ਲਈ ਗਿਆਨੀ ਮੋਹਨ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਫ਼ਾਇਰਿੰਗ ਜ਼ਿਆਦਾ ਹੋਣ ਕਰਕੇ ਸਮੇਂ ਤੋਂ ਕੁਝ ਮਿੰਟ ਲੇਟ ਹੋ ਗਏ। ਜਦ ਤੱਕ ਗਿਆਨੀ ਪੂਰਨ ਸਿੰਘ ਗ੍ਰੰਥੀ ਪੰਜ ਦਸ ਮਿੰਟਾਂ ਵਿਚ ਪਹੁੰਚ ਗਏ ਤੇ ਪਾਠ ਸ਼ੁਰੂ ਕਰ ਦਿੱਤਾ। ਰਾਗੀ ਸਿੰਘ ਸੋਦਰੁ ਦੀ ਚੌਂਕੀ ਲਾ ਕੇ ਚਲੇ ਗਏ। ਸ੍ਰੀ ਰਹਿਰਾਸ ਸਾਹਿਬ ਜੀ ਦੇ ਭੋਗ/ਅਰਦਾਸ ਤੋਂ ਬਾਅਦ ਆਰਤੀ ਸਾਹਿਬ ਵਾਸਤੇ ਕੋਈ ਜਥਾ ਨਹੀਂ ਸੀ। ਸੋ ਆਰਤੀ ਦੇ ਕੀਰਤਨ ਦੀ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਦਾਸ ਤੋਂ ਬਖ਼ਸ਼ਿਸ਼ ਕਰਕੇ ਲਈ। ਇਸ ਤੋਂ ਬਾਅਦ ਹੁਕਮਨਾਮਾ ਲੈ ਕੇ ਮਹਾਰਾਜ ਜੀ ਦਾ ਸੁਖਾਸਨ ਪਿਛਲੇ ਦਿਨ ਦੀ ਤਰ੍ਹਾਂ ਹਰਿ ਕੀ ਪੌੜੀ ਉੱਪਰ ਵੱਡੀ ਬੀੜ ਦੇ ਸਾਹਮਣੇ ਹੀ ਪੀਹੜਾ ਸਾਹਿਬ ’ਤੇ ਕਰ ਦਿੱਤਾ ਗਿਆ। ਇਹ ਸਮਾਂ ਰਾਤ ਲਗਭਗ ਅੱਠ ਵਜੇ ਤੋਂ ਸਾਢੇ ਅੱਠ ਵਜੇ ਦੇ ਵਿਚਕਾਰ ਦਾ ਹੈ।

੫ ਜੂਨ ਨੂੰ ਰਾਤ ਦੇ ਸੁਖਾਸਨ ਤੋਂ ਬਾਅਦ ਗਿਆਨੀ ਪੂਰਨ ਸਿੰਘ ਨੇ ਹਾਜ਼ਰ ਸੰਗਤ ਨੂੰ ਬੇਨਤੀ ਕੀਤੀ ਕਿ ਸਾਧਸੰਗਤ ਜੀ! ਇਸ ਸਮੇਂ ਪੰਥ ’ਤੇ ਭੀੜ ਬਣੀ ਹੈ। ਆਓ ਰਲ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਅਰਦਾਸ ਕਰੀਏ। ਉਨ੍ਹਾਂ ਸੰਗਤਾਂ ਵਿਚੋਂ ਪੰਜ ਸਿੰਘ ਚੁਣੇ। ਇਕ ਤਾਂ ਉਹ ਆਪ ਸਨ, ਦੂਜੇ ਗਿਆਨੀ ਮੋਹਨ ਸਿੰਘ ਜੀ ਗ੍ਰੰਥੀ, ਤੀਜੇ ਭਾਈ ਗੁਰਦੀਪ ਸਿੰਘ ਜੀ (ਅਰਦਾਸੀਆ ਸਿੰਘ), ਚੌਥਾ ਦਾਸ (ਲਿਖਾਰੀ), ਪੰਜਵੇਂ ਸਿੰਘ ਦਾ ਨਾਂਅ ਇਸ ਵੇਲੇ ਯਾਦ ਨਹੀਂ ਹੈ। ਅਰਦਾਸ ਗਿਆਨੀ ਪੂਰਨ ਸਿੰਘ ਨੇ ਕੀਤੀ ਅਤੇ ਬੇਨਤੀ ਵਿਚ ਕਿਹਾ ਕਿ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਇਸ ਵੇਲੇ ਆਪ ਦੇ ਪੰਥ ਉੱਤੇ ਭੀੜ ਬਣੀ ਹੈ, ਅਸੀਂ ਆਪ ਜੀ ਦੇ ਨਾਮ-ਧਰੀਕ ਸਿੱਖ ਸੇਵਕ ਬੇਨਤੀ ਕਰਦੇ ਹਾਂ ਕਿ ਆਪ ਜੀ ਨੇ ਪੰਥ ਦੀ ਲਾਜ ਰੱਖਣੀ ਤੇ ਹਰ ਪ੍ਰਕਾਰ ਦੀ ਸਹਾਇਤਾ ਕਰਨੀ।... ਅਰਦਾਸ ਤੋਂ ਬਾਅਦ ਅਸੀਂ ਸਾਰੇ ਹੇਠਾਂ ਆ ਗਏ। ਗੋਲੀ ਹੋਰ ਤੇਜ਼ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲਣਾ ਬਹੁਤ ਔਖਾ ਹੋ ਗਿਆ। ਅਸੀਂ ਸਾਰਿਆਂ ਨੇ ਅੰਦਰ ਬੈਠ ਕੇ ਜਪੁਜੀ ਸਾਹਿਬ ਅਤੇ ਕੁਝ ਚੌਪਈ ਸਾਹਿਬ ਦੇ ਪਾਠ ਕੀਤੇ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਬੰਦ ਹੋਣ ਕਰਕੇ ਅਤੇ ਬਿਜਲੀ ਬੰਦ ਹੋਣ ਕਰਕੇ ਗਰਮੀ ਅਤੇ ਪਿਆਸ ਬਹੁਤ ਸਤਾਉਣ ਲੱਗੀ, ਸਰੀਰ ਥੱਕ-ਟੁੱਟ ਗਏ। ਪਰੰਤੂ ਸੱਚਖੰਡ ਦਾ ਅਸਥਾਨ ਤੇ ਸੰਗਤ ਦੇ ਦਰਸ਼ਨ-ਪਰਸਨ ਕਰਕੇ ਹੌਂਸਲੇ ਨਾਲ ਬੈਠੇ ਰਹੇ। ਭਾਈ ਅਵਤਾਰ ਸਿੰਘ ਪਾਰੋਵਾਲ ਨੇ ਇਕ ਹੋਰ ਸਾਥੀ ਨੂੰ ਨਾਲ ਲੈ ਸਰੋਵਰ ਵਿਚੋਂ ਦੋ ਕੁ ਬਾਲਟੀਆਂ ਜਲ ਦੀਆਂ ਭਰ ਕੇ ਅੰਦਰ ਰੱਖ ਲਈਆਂ। ਉਸ ਵੇਲੇ ਸੇਵਾਦਾਰਾਂ ਸਮੇਤ ਪ੍ਰੇਮੀ ਸਿੰਘਾਂ ਦੇ ਕੋਈ ੨੨-੨੪ ਦੇ ਕਰੀਬ ਪ੍ਰਾਣੀ ਅੰਦਰ ਸਨ। ਥੋੜ੍ਹੇ-ਥੋੜ੍ਹੇ ਪਾਣੀ ਨਾਲ ਗੁਜ਼ਾਰਾ ਕੀਤਾ।

ਰਾਤ ੯ ਵਜੇ ਤੋਂ ਬਾਅਦ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ-ਬਾਹਰੋਂ ਰੌਲਾ, ਚੀਖ-ਚਿਹਾੜਾ ਅਤੇ ਰੋਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਜਿਸ ਤੋਂ ਅਸੀਂ ਅੰਦਾਜ਼ਾ ਲਗਾਇਆ ਕਿ ਫ਼ੌਜ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਦਾਖ਼ਲ ਹੋ ਚੁੱਕੀ ਹੈ। ਉਸ ਰਾਤ ਪਰਕਰਮਾ ਵਿਚ ਰਹਿ ਰਹੀਆਂ ਸੰਗਤਾਂ ਨੂੰ ਗੋਲਿਆਂ, ਬੰਦੂਕਾਂ ਦੀਆਂ ਸੰਗੀਨਾਂ ਅਤੇ ਗੋਲੀਆਂ ਨਾਲ ਮਾਰ ਦਿੱਤਾ ਗਿਆ। ਕੁਝ ਸਮੇਂ ਬਾਅਦ ਟੈਂਕ ਆ ਗਏ। ਇਕ ਟੈਂਕ ਦੀ ਫਲੈਸ਼ (ਤੇਜ਼ ਲਾਈਟ) ਹਰਿ ਕੀ ਪੌੜੀ ਦੇ ਦਰਵਾਜ਼ੇ ਵੱਲ ਨੂੰ ਸਿੱਧੀ ਪੈਂਦੀ ਸੀ। ਇਸ ਵਾਸਤੇ ਹੁਣ ਸਾਡੇ ਵਾਸਤੇ ਸਰੋਵਰ ਵਿਚੋਂ ਜਲ ਲੈਣਾ ਹੋਰ ਵੀ ਔਖਾ ਹੋ ਗਿਆ ਸੀ। ਰਾਤ ਟੈਂਕਾਂ ਦੀਆਂ ਤੇ ਹੋਰ ਮਿਲਟਰੀ ਦੀਆਂ ਗੱਡੀਆਂ

ਦੀਆਂ ਆਵਾਜ਼ਾਂ ਸੁਣਦੀਆਂ ਰਹੀਆਂ ਅਤੇ ਵਿਚੋਂ-ਵਿਚੋਂ ਫ਼ਾਇਰਿੰਗ ਵੀ ਬੰਦ ਹੋਈ ਜਿਸ ਤੋਂ ਅਸੀਂ ਇਹ ਸਮਝਦੇ ਸਾਂ ਕਿ ਮਿਲਟਰੀ ਵਾਪਸ ਜਾ ਰਹੀ ਹੈ। ਪਰੰਤੂ ਬਾਅਦ ਵਿਚ ਕੁਝ ਸਿੰਘਾਂ ਨੇ ਦੱਸਿਆ ਕਿ ਇਸ ਦੌਰਾਨ ਮਿਲਟਰੀ ਆਪਣੇ ਮਰੇ ਅਤੇ ਜ਼ਖ਼ਮੀ ਫ਼ੌਜੀਆਂ ਨੂੰ ਸੰਭਾਲਦੀ ਰਹੀ। ਇਹ ਰਾਤ ਕਈ ਸੋਚਾਂ-ਸੋਚਦਿਆਂ ੬ ਜੂਨ ਦਾ ਅੰਮ੍ਰਿਤ ਵੇਲਾ ਹੋ ਗਿਆ।

੬ ਜੂਨ ਨੂੰ ਅੰਮ੍ਰਿਤ ਵੇਲੇ ਇਕ ਪ੍ਰੇਮੀ ਬਜ਼ੁਰਗ ਭਾਈ ਸਰਦਾਰਾ ਸਿੰਘ (ਜੋ ਸਰੀਰ ਦੇ ਭਾਰੇ ਸਨ) ਨੇ ਬਾਕੀ ਸੇਵਾਦਾਰਾਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਅਸਥਾਨ ਤਿਆਰ ਕੀਤਾ। ਵਿਛਾਈ ਕੀਤੀ। ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ। ਮੁਖਵਾਕ ਲਿਆ ਗਿਆ। ਅੰਦਰ ਹਜ਼ੂਰੀ ਕੀਰਤਨ ਵਾਸਤੇ ਰਾਗੀ ਸਿੰਘ ਕੋਈ ਨਹੀਂ ਸਨ। ਭਾਈ ਗੁਰਦੀਪ ਸਿੰਘ ਦੇ ਰਾਗੀ ਜਥੇ ਦੇ ਇਕ ਸੂਰਮਾ ਸਿੰਘ ਜੋੜੀਵਾਲੇ ਭਾਈ ਚਰਨਜੀਤ ਸਿੰਘ ਜੀ (ਜੋ ਹੁਣ ਵੀ ਕਿਸੇ ਜਥੇ ਨਾਲ ਹਾਜ਼ਰੀ ਭਰਦੇ ਹਨ) ਨੂੰ ਦਾਸ (ਲਿਖਾਰੀ) ਨੇ ਕਿਹਾ ਕਿ ਤੁਸੀਂ ਵਿਚਕਾਰ ਵਾਜੇ ’ਤੇ ਆ ਜਾਓ ਕਿਉਂਕਿ ਤੁਸੀਂ ਮਰਿਯਾਦਾ ਜਾਣਦੇ ਹੋ ਤੇ ਮੈਂ ਸਾਈਡ ’ਤੇ ਬੈਠ ਜਾਂਦਾ ਹਾਂ। ਇਕ ਹੋਰ ਟਕਸਾਲੀ ਸਿੰਘ ਸੀ (ਜਿਸ ਨੂੰ ਮੈਂ ਜਾਣਦਾ ਨਹੀਂ) ਜੋੜੀ ਵਜਾਉਣ ਲਈ ਤਿਆਰ ਹੋ ਗਿਆ। ਭਾਈ ਚਰਨਜੀਤ ਸਿੰਘ ਨੇ ਦਾਸ ਨੂੰ ਕਿਹਾ ਕਿ ਤੁਸੀਂ ਹੀ ਵਿਚਕਾਰ ਬੈਠ ਜਾਓ। ਸੋ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਬਖ਼ਸ਼ਿਸ਼ ਸਦਕਾ ਦਾਸ ਨੇ ਵਿਚਕਾਰ ਬੈਠ ਕੇ ਕੀਰਤਨ ਸ਼ੁਰੂ ਕਰ ਦਿੱਤਾ। ਅਜੇ ਕੀਰਤਨ ਸ਼ੁਰੂ ਹੋਇਆ ਹੀ ਸੀ ਕਿ ਏਨੇ ਜ਼ੋਰ ਦਾ ਗੋਲੇ ਦਾ ਧਮਾਕਾ ਹੋਇਆ ਕਿ ਸਾਡੇ ਹੱਥ ਕੰਬ

ਗਏ। ਦਿਲ ਫੜਫੜਾਏ। ਫ਼ੈਰ ਸਾਹਮਣੇ ਸਤਿਗੁਰੂ ਜੀ ਦਾ ਦਰਸ਼ਨ-ਦੀਦਾਰ ਪਰਸਦੇ ਹੌਂਸਲੇ ਨਾਲ ਕੀਰਤਨ ਕਰੀ ਗਏ। ਗੋਲੇ ਏਨੇ ਜ਼ੋਰ ਨਾਲ ਵਰ੍ਹਨ ਲੱਗੇ ਕਿ ਕਈ ਵਾਰ ਕੀਰਤਨ ਕਰਦਿਆਂ ਸਾਨੂੰ ਆਪਣੀ ਆਵਾਜ਼ ਵੀ ਨਹੀਂ ਸੁਣਾਈ ਦਿੰਦੀ ਸੀ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਦਾ ਸਦਕਾ ਸ੍ਰੀ ਆਸਾ ਜੀ ਕੀ ਵਾਰ ਦਾ ਕੀਰਤਨ ਨਿਰਵਿਘਨ ਸਮਾਪਤ ਹੋਇਆ। ਅਰਦਾਸ ਹੋਈ। ਹੁਕਮਨਾਮਾ ਹੋਇਆ। ਦਾਸ ਦੇ ਮਨ ਵਿਚ ਆਇਆ ਕਿ ਜਿੰਨਾ ਚਿਰ ਸਰੀਰ ਕੰਮ ਕਰਦਾ ਹੈ, ਕੀਰਤਨ ਕਰੀ ਚੱਲੀਏ। ਬਸ ਇਕ ਸ਼ਬਦ ਬਿਲਾਵਲ ਦੀ ਚੌਂਕੀ ਵਿਚ ਪੜ੍ਹਿਆ, "ਸਤਿਗੁਰੁ ਮੇਰਾ ਬੇਮੁਹਤਾਜੁ"। ਗਲਾ ਸੁੱਕ ਰਿਹਾ ਸੀ, ਆਂਦਰਾਂ ਨੂੰ ਖਿੱਚ ਪੈ ਰਹੀ ਸੀ। ਦਾਸ ਨੇ ਗਿਆਨੀ ਮੋਹਨ ਸਿੰਘ ਜੀ ਨੂੰ ਕਿਹਾ ਕਿ ਹੁਣ ਸਰੀਰ ਅੱਗੇ ਕੀਰਤਨ ਕਰਨ ਲਈ ਇਜਾਜ਼ਤ ਨਹੀਂ ਦੇ ਰਿਹਾ। ਉਨ੍ਹਾਂ ਸਮਾਪਤੀ ਲਈ ਕਹਿ ਦਿੱਤਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਅਸੀਂ ਪਿਛਾਂਹ ਹਟ ਕੇ ਬੈਠ ਗਏ। ਕੀਰਤਨ ਕਰਨ ਸਮੇਂ ਭਾਈ ਅਵਤਾਰ ਸਿੰਘ ਪਾਰੋਵਾਲ ਨੇ ਪਿੱਛੇ ਬੋਲਣ ਵਿਚ ਪੂਰਾ ਸਾਥ ਦਿੱਤਾ। ਫ਼ਾਇਰਿੰਗ ਤੇਜ਼ ਹੋਣ ਕਰਕੇ ਗੋਲੀਆਂ ਅਤੇ ਗੋਲਿਆਂ ਦੀ ਧਮਕ ਨਾਲ ਤੇ ਗੋਲੀਆਂ ਵੱਜਣ ਨਾਲ ਉੱਪਰਲੀ ਛੱਤ ਦੇ ਸ਼ੀਸ਼ੇ ਟੁੱਟ ਕੇ ਹੇਠਾਂ ਡਿੱਗਣੇ ਸ਼ੁਰੂ ਹੋ ਗਏ। ਅਸੀਂ ਕੋਨਿਆਂ ਵਿਚ ਬੈਠ ਗਏ। ਜੋ ਕੋਈ ਪਾਠ ਕਿਸੇ ਨੂੰ ਕੰਠ ਸੀ, ਕਰੀ ਗਿਆ। ਕੋਈ ੧੦ ਤੋਂ ੧੧ ਵਜੇ ਦੇ ਵਿਚਕਾਰ ਇਕਦਮ ਇਕ ਗੋਲੀ ਭਾਈ ਅਵਤਾਰ ਸਿੰਘ ਦੇ ਲੱਗੀ ਉਹ ਤਾਂ ਉਸੇ ਵੇਲੇ (ਤਕਲੀਫ਼ ਜ਼ਿਆਦਾ ਹੋਣ ਕਾਰਨ) 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗ ਪਏ ਤੇ ਕਹਿਣ ਲੱਗੇ ਕਿ ਮੇਰੇ ਨਮਿਤ ਕੀਰਤਨ ਸੋਹਿਲੇ ਦਾ ਪਾਠ ਕਰ ਦਿਉ। ਦਾਸ ਨੇ ਉਸ ਨੂੰ ਬਹੁਤ ਹੌਂਸਲਾ ਦਿੱਤਾ ਪਰ ਜਿਸ ਤਨ ਲੱਗੇ ਸੋਈ ਤਨ ਜਾਣੈ। ਖ਼ੂਨ ਬਹੁਤ ਜ਼ਿਆਦਾ ਵਗ ਰਿਹਾ ਸੀ। ਕੀਰਤਨੀਆਂ ਦੇ ਪਿੱਛੇ ਜਿੱਥੇ ਸੰਗਤ ਬੈਠਦੀ ਹੈ, ਓਥੋਂ ਤੱਕ ਖ਼ੂਨ ਵਹਿ ਗਿਆ ਸੀ। ਇਕ ਗੋਲੀ ਉਸ ਦੇ ਗਿੱਟੇ ਦੇ ਉੱਪਰ ਲੱਤ ਵਿਚੋਂ ਦੀ ਅਤੇ ਇਕ ਪੱਟ ਵਿਚੋਂ (ਗੋਡੇ ਤੋਂ ਉੱਪਰ) ਦੀ ਆਰ-ਪਾਰ ਹੋਈ ਸੀ। ਕਾਫ਼ੀ ਜਗ੍ਹਾ ਖ਼ੂਨ ਦੀਆਂ ਬੋਟੀਆਂ ਨਾਲ ਭਰੀ ਹੋਈ ਸੀ। ਇਸ ਲਈ ਸਮੇਂ ਨੂੰ ਪਛਾਣ ਕੇ ਭਾਈ ਚਰਨਜੀਤ ਸਿੰਘ ਤਬਲਾ ਮਾਸਟਰ ਨੇ ਕੀਰਤਨ ਸੋਹਿਲੇ ਦਾ ਪਾਠ ਸੁਣਾ ਦਿੱਤਾ। ਇਕ ਗੋਲੀ ਭਾਈ ਤਰਲੋਕ ਸਿੰਘ (ਚੋਬਦਾਰ ਦਰਸ਼ਨੀ ਡਿਓੜੀ) ਦੇ ਵੀ ਲੱਗੀ ਸੀ, ਉਹ ਵੀ ਕਾਫ਼ੀ ਤੰਗ ਸਨ ਪਰ ਸਾਨੂੰ ਗੋਲੀ ਕਿਧਰੋਂ ਦੀ ਆਈ, ਇਸ ਬਾਰੇ ਕੋਈ ਪਤਾ ਨਹੀਂ ਚੱਲਿਆ। ਇਸ ਤਰ੍ਹਾਂ ਇਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਲੱਗੀ ਸੀ। ਦਾਸ ਨੇ ਆਪਣੀ ਦਸਤਾਰ ਉਤਾਰ ਕੇ



**ਫ਼ੌਜੀ ਹਮਲੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਹਿਢੇਰੀ ਹੋਈ ਪਾਵਨ ਇਮਾਰਤ ਨੂੰ ਦੇਖਦੇ ਹੋਏ ਸ਼ਰਧਾਲੂ।**

ਉਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੋਵੇਂ ਜ਼ਖ਼ਮੀ ਸਿੰਘਾਂ ਦੇ ਬੰਨ੍ਹ ਦਿੱਤੀ। ਖ਼ੂਨ ਬੰਦ ਨਹੀਂ ਸੀ ਹੋ ਰਿਹਾ। ਫਿਰ ਪੀਲੇ ਪਟਕੇ ਜੋ ਸਿਰੋਪਿਆਂ ਵਾਸਤੇ ਰੱਖੇ ਹੋਏ ਸਨ, ਉਹ ਉੱਪਰ ਹੋਰ ਘੁੱਟ ਕੇ ਬੰਨ੍ਹ ਦਿੱਤੇ। ਕੋਈ ਮੁੱਢਲੀ ਸਹਾਇਤਾ ਦਾ ਪ੍ਰਬੰਧ ਤਾਂ ਹੈ ਨਹੀਂ ਸੀ, ਇਸ ਲਈ ਭਾਈ ਅਵਤਾਰ ਸਿੰਘ ਪਾਰੋਵਾਲ ਬਹੁਤ ਨਿਢਾਲ ਹੋ ਗਿਆ। ਪਾਣੀ ਵੀ ਕੋਲ ਹੈ ਨਹੀਂ ਸੀ। ਉਸ ਨੇ ਫੇਰ ਵੀ ਕਿਹਾ ਕਿ ਜੇ ਮੈਂ ਠੀਕ ਹੁੰਦਾ ਤਾਂ ਮੈਂ ਸਿੰਘਾਂ ਨੂੰ ਸਰੋਵਰ ਵਿਚੋਂ ਜਲ ਲਿਆ ਕੇ ਪਿਆ ਹੀ ਦਿੰਦਾ, ਭਾਵੇਂ ਮੈਂ ਮਰ ਹੀ ਜਾਂਦਾ। ਇਸ ਲਈ ਇਕ ਪ੍ਰੇਮੀ ਸਿੰਘ ਨੇ ਹੌਂਸਲਾ ਕਰਕੇ ਕਿਹਾ ਕਿ ਮੈਂ ਪਾਣੀ ਪਿਲਾਉਂਦਾ ਹਾਂ। ਸੰਗਤ ਨੇ ਅੰਦਰੋ-ਅੰਦਰੀ ਉਸ ਨੂੰ ਉੱਪਰ ਦੂਜੀ ਮੰਜ਼ਿਲ 'ਤੇ ਚੜ੍ਹਾ ਦਿੱਤਾ ਤਾਂ ਉਸ ਸਿੰਘ ਨੇ ਹਰਿ ਕੀ ਪੌੜੀ ਵਾਲੇ ਪਾਸੇ ਤੋਂ ਬਾਲਟੀ ਲਮਕਾ ਕੇ ਜਲ ਲੈ ਆਂਦਾ। ਇਸ ਤਰ੍ਹਾਂ ਜਾਨ ਨੂੰ ਖ਼ਤਰੇ ਵਿਚ ਪਾ ਕੇ ਉਸ ਸਿੰਘ ਨੇ ਦੋ ਵਾਰੀ ਸੰਗਤ ਨੂੰ ਪਾਣੀ ਪਿਲਾਇਆ। ਫ਼ਿਰ ਉਸ 'ਤੇ ਨਿਸ਼ਾਨਾ ਬੰਨ੍ਹ ਕੇ ਫ਼ੌਜ ਵਲੋਂ ਗੋਲੀ ਚਲਾਈ ਗਈ, ਪਰ ਉਹ ਲੰਮਾ ਪੈ ਕੇ ਬਚ ਗਿਆ ਤੇ ਉਸ ਨੂੰ ਸੰਗਤ ਨੇ ਹੇਠਾਂ ਉਤਾਰ ਲਿਆ। ਪਤਾ ਨਹੀਂ ਕੁਦਰਤੀ ਤੌਰ 'ਤੇ ਇਕ ਸਿੰਘ ਕਿੱਥੋਂ ਆਇਆ, ਕਦੋਂ ਆਇਆ, ਸੰਗਤ ਵਿਚੋਂ ਉਸ ਨੂੰ ਕੁਝ ਪ੍ਰੇਮੀ ਜਾਣਦੇ ਸਨ, ਉਸ ਨੇ ਭਾਈ ਅਵਤਾਰ ਸਿੰਘ ਪਾਰੋਵਾਲ ਤੇ ਹੋਰ ਜ਼ਖ਼ਮੀ ਸਿੰਘਾਂ ਦੇ ਮਲ੍ਹਮ-ਪੱਟੀ ਕੀਤੀ ਤੇ ਦਵਾਈ ਦਿੱਤੀ। ਉਸੇ ਸਿੰਘ ਨੇ ਹੀ ਸਾਨੂੰ ਦੱਸਿਆ ਕਿ ਇਹ ਸ਼ੀਸ਼ੇ ਨਹੀਂ ਲੱਗੇ, ਪਾਰੋਵਾਲ ਦੇ ਇਕ ਗੋਲੀ ਲੱਗ ਕੇ ਆਰ-ਪਾਰ ਹੋ ਗਈ ਹੈ। ਮਲ੍ਹਮ-ਪੱਟੀ ਕਰਨ ਨਾਲ ਭਾਈ ਅਵਤਾਰ ਸਿੰਘ ਪਾਰੋਵਾਲ ਨੂੰ ਕੁਝ ਆਰਾਮ ਮਹਿਸੂਸ ਹੋਣ ਲੱਗ ਪਿਆ। ਅਸੀਂ ਜ਼ਖ਼ਮੀ ਸਿੰਘਾਂ ਨੂੰ ਪਿਆਉਣ ਲਈ ਥੋੜ੍ਹਾ ਪਾਣੀ ਛੋਟੀ ਬਾਲਟੀ (ਡੋਲੂ) ਵਿਚ ਰੱਖ ਲਿਆ ਸੀ ਤੇ ਚਮਚਾ-ਚਮਚਾ ਪਾਣੀ ਦਿੰਦੇ ਰਹੇ। ਇਸ ਤਰ੍ਹਾਂ ਕਰਦਿਆਂ ਤਕਰੀਬਨ ਸ਼ਾਮ ੪:੨੦ ਦਾ ਸਮਾਂ ਹੋ ਗਿਆ ਸੀ। ਫ਼ਾਇਰਿੰਗ ਬੰਦ ਹੋ ਗਈ। ਦਰਵਾਜ਼ਿਆਂ ਦੀਆਂ ਝੀਤਾਂ ਰਾਹੀਂ ਸਰਾਂ ਵਾਲੇ ਪਾਸੇ ਕੁਝ ਆਦਮੀ ਫ਼ਿਰਦੇ ਹੋਏ ਦੇਖੇ। ਅਸੀਂ ਸਮਝਿਆ ਕਿ ਮਿਲਟਰੀ ਆਪਣਾ ਕੰਮ ਖ਼ਤਮ ਕਰਕੇ ਵਾਪਸ ਜਾ ਰਹੀ ਹੈ। ਪਰੰਤੂ ਜਲਦੀ ਹੀ ਲਾਊਡ ਸਪੀਕਰ ਰਾਹੀਂ ਆਵਾਜ਼ ਸੁਣੀ ਕਿ ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ) ਕੰਪਲੈਕਸ 'ਤੇ ਮਿਲਟਰੀ ਦਾ ਕਬਜ਼ਾ ਹੋ ਗਿਆ ਹੈ। ਇਸ ਲਈ ਜੋ ਵੀ ਲੋਕ ਕਿਸੇ ਪਾਸੇ ਵੀ ਅੰਦਰ ਲੁਕੇ ਹੋਏ ਹਨ, ਉਹ ਬਾਹਰ ਆ ਜਾਣ। ਉਨ੍ਹਾਂ ਨੂੰ ਬਾ-ਇੱਜ਼ਤ ਕੈਦੀ ਬਣਾ ਲਿਆ ਜਾਵੇਗਾ। ਇਸ ਕਰਕੇ ੨੦ ਕੁ ਪ੍ਰਾਣੀ ਬਾਹਰ ਚਲੇ ਗਏ। ਉਨ੍ਹਾਂ ਨੂੰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਾਲੀ ਡਿਓੜੀ ਦੇ ਕੋਲ ਪਰਕਰਮਾ ਵਿਚ ਹੱਥ ਬੰਨ੍ਹ ਕੇ ਬਿਠਾ ਦਿੱਤਾ, ਜਿੱਥੇ ਹੋਰ ਵੀ ਸੇਵਾਦਾਰ, ਮੁਲਾਜ਼ਮ, ਪ੍ਰੇਮੀ-ਜਨ ਪਹਿਲਾਂ ਹੀ ਬਿਠਾਏ ਹੋਏ ਸਨ।

ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੇਵਲ ਗਿਆਨੀ ਪੂਰਨ ਸਿੰਘ ਤੇ ਗਿਆਨੀ ਮੋਹਨ ਸਿੰਘ ਜੀ, ਭਾਈ ਅਵਤਾਰ ਸਿੰਘ ਪਾਰੋਵਾਲ (ਜ਼ਖ਼ਮੀ), ਭਾਈ ਚਰਨਜੀਤ ਸਿੰਘ ਜੀ (ਜੋੜੀ ਮਾਸਟਰ

ਸੂਰਮਾ ਸਿੰਘ), ਇਕ ਬਜ਼ੁਰਗ ਤੇ ਦਾਸ (ਲਿਖਾਰੀ) ਹੀ ਰਹਿ ਗਏ ਸਨ। ਪਾਣੀ ਦੀਆਂ ਦੋ ਬਾਲਟੀਆਂ ਅਸੀਂ ਭਰ ਕੇ ਸਿੰਘਾਂ ਲਈ ਰੱਖ ਦਿੱਤੀਆਂ ਸਨ। ਬਾਅਦ ਵਿਚ ਸਿੰਘ ਸਾਹਿਬਾਨ ਨੂੰ ਪੁੱਛ ਕੇ ਅਸੀਂ ਵੀ ਬਾਹਰ ਆ ਗਏ ਤੇ ਸਿੰਘ ਸਾਹਿਬਾਨ ਨੇ ਕਿਹਾ ਕਿ ਮਿਲਟਰੀ ਵਾਲਿਆਂ ਨੂੰ ਕਹਿ ਦੇਣਾ ਕਿ ਉਹ ਗੁਰੂ-ਮਹਾਰਾਜ ਦੀ ਤਾਬਿਆ ਛੱਡ ਕੇ ਨਹੀਂ ਆ ਸਕਦੇ। ਸੋ ਅਸੀਂ ਉਸੇ ਤਰ੍ਹਾਂ ਦੱਸ ਦਿੱਤਾ। ਬਾਹਰ ਨਿਕਲ ਕੇ ਆਸੇ-ਪਾਸੇ ਦੇਖਿਆ ਤਾਂ ਹਥਿਆਰਬੰਦ ਮਿਲਟਰੀ ਬੂਟਾਂ ਸਮੇਤ ਸਾਰੇ ਪਾਸੇ ਬੰਦੂਕਾਂ/ਸੰਗੀਨਾਂ ਦੀਆਂ ਸ਼ਿਸ਼ਤਾਂ ਲੈ ਕੇ ਪਰਕਰਮਾ ਵਿਚ, ਕਿਤੇ ਖੜ੍ਹੀ, ਕਿਤੇ ਘੁੰਮ ਰਹੀ ਸੀ। ਸਾਡੇ ਲਾਗੇ ਆ ਕੇ ਤਿੰਨ-ਚਾਰ ਮਿਲਟਰੀ ਵਾਲਿਆਂ ਨੇ ਘੇਰਾ ਪਾ ਕੇ ਹੱਥ ਖੜ੍ਹੇ ਕਰਾ ਕੇ ਸਾਡੇ ਗਾਤਰੇ-ਕਿਰਪਾਨਾਂ ਉਤਾਰ ਕੇ ਬੂਟਾਂ ਦੇ ਠੁੱਡ ਮਾਰ-ਮਾਰ ਕੇ ਵਗਾਹ-ਵਗਾਹ ਕੇ ਸੁੱਟ ਦਿੱਤੀਆਂ। ਸਾਡੀਆਂ ਦਸਤਾਰਾਂ ਉਤਾਰ ਕੇ ਸਾਡੇ ਹੱਥ ਪਿਛਲੇ ਪਾਸੇ ਬੰਨ੍ਹ ਦਿੱਤੇ ਤੇ ਬਹੁਤ ਗੰਦੀਆਂ ਗਾਲ੍ਹਾਂ ਦੀ ਬੁਛਾੜ ਕਰਨ ਲੱਗੇ। ਜਦੋਂ ਦਾਸ ਗੁਰਦੁਆਰਾ ਇਲਾਚੀ ਬੇਰ ਦੇ ਕੋਲੋਂ ਦੀ ਪਰਕਰਮਾ ਵਿਚ ਜਾ ਰਿਹਾ ਸੀ ਤਾਂ ਇਕ ਮਿਲਟਰੀ ਮੈਨ ਦੀ ਲਾਸ਼ ਦਰਸ਼ਨੀ ਡਿਓੜੀ ਦੇ ਹਾਥੀ ਦੰਦ ਵਾਲੇ ਦਰਵਾਜ਼ੇ ਕੋਲ ਬਾਹਰ ਸੜੀ ਹੋਈ ਦੇਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉੱਪਰਲਾ ਪਾਸਾ ਅੱਗ ਲੱਗਣ ਕਰਕੇ ਬਹੁਤ ਬੁਰੀ ਹਾਲਤ ਵਿਚ ਧੁਖਦਾ ਦੇਖਿਆ। ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਅੱਗ ਲੱਗੀ ਹੋਈ ਸੀ। ਅਜਿਹਾ ਦ੍ਰਿਸ਼ ਅੱਖਾਂ ਅੱਗੇ ਪਹਿਲੀ ਵਾਰ ਦੇਖਿਆ। ਹਾਲਤ ਇਹ ਹੋ ਗਈ ਕਿ ਨਾ ਰੋਣ ਨਾ ਹੱਸਣ, ਦਿਮਾਗੀ ਤੌਰ 'ਤੇ ਸੁੰਨ ਬੁੱਤ ਜਿਹਾ ਬਣ ਗਿਆ। ਸੰਗਤਾਂ ਨੂੰ ਬਾਹਰ ਕੱਢਣ ਦੇ ਹੁਕਮ ਦੇਣ ਵਾਲਾ ਅਨਾਊਂਸਰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਾਲੀ ਡਿਓੜੀ ਵਿਚ ਮਿਲਟਰੀ ਸਮੇਤ ਖਲੋਤਾ ਇਕ ਸਿੱਖ ਸਰਦਾਰ ਸੀ। ਮਿਲਟਰੀ ਵਾਲੇ ਸਾਨੂੰ ਗਾਲ੍ਹਾਂ ਕੱਢਦੇ ਕਹਿੰਦੇ ਕਿ ਆਪ ਲੋਗ ਦੇਸ਼ ਕੇ ਗ਼ਦਾਰ ਹੋ, ਭਿੰਡਰੀ ਵਾਲੇ ਕੇ ਚੇਲੇ ਹੋ, ਬਤਾਓ, ਆਪ ਕਾ ਭਿੰਡਰੀ ਵਾਲਾ ਕਹਾਂ ਹੈ? ਭਜਨ ਲਾਲ ਤੋ ਅਭੀ ਜ਼ਿੰਦਾ ਹੈ। ਉਥੇ ਬਿਠਾਏ ਆਦਮੀ, ਬੀਬੀਆਂ, ਬੱਚਿਆਂ ਦੀ ਸੰਖਿਆ ਲਗਭਗ ੧੫੦ ਦੇ ਕਰੀਬ ਸੀ। ਫ਼ੌਜ ਦੇ ਆਦਮੀ ਇਕ ਨੌਜਵਾਨ ਸਿੰਘ ਨੂੰ ਕੇਸਾਂ ਤੋਂ ਫੜ ਕੇ ਸਰੋਵਰ ਵਿਚ ਗੋਤਾ ਦੇ ਕੇ ਬਾਹਰ ਕੱਢ ਕੇ ਲਿਆਏ। ਸਾਨੂੰ ਪਿੱਛੇ ਹੱਥ ਬੰਨ੍ਹਿਆਂ ਨੂੰ (ਬਹੁਤ ਛੋਟੇ ਬੱਚਿਆਂ ਦੇ ਹੱਥ ਨਹੀਂ ਸੀ ਬੰਨ੍ਹੇ) ਇਕੱਠੇ ਕਰਕੇ ਲਾਈਨਾਂ ਵਿਚ ਦੁਖਭੰਜਨੀ ਬੇਰੀ ਵੱਲ ਦੀ ਘੰਟਾ-ਘਰ ਡਿਓੜੀ ਦੇ ਬਾਹਰ ਲੈ ਆਏ ਤੇ ਇਸ ਦੌਰਾਨ ਸਾਨੂੰ ਆਸੇ-ਪਾਸੇ ਨਹੀਂ ਦੇਖਣ ਦਿੰਦੇ ਸਨ। ਪਰ ਅਸੀਂ ਚੋਰੀਂ ਅੱਖ ਨਾਲ ਜੋ ਦੇਖਿਆ,



**ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹਮਲੇ ਤੋਂ ਬਾਅਦ ਸਿੱਖ ਸ਼ਰਧਾਲੂਆਂ ਦੀਆਂ ਲਾਸ਼ਾਂ ਨੂੰ ਇਕੱਤਰ ਕਰਦੇ ਫ਼ੌਜੀ।**

ਉਹ ਇਹ ਸੀ ਕਿ ਗੁਰਦੁਆਰਾ ਬੁੰਗਾ ਬਾਬਾ ਦੀਪ ਸਿੰਘ ਜੀ ਜੋ ਪਰਕਰਮਾ ਵਿਚ ਸਥਿਤ ਹੈ, ਕੋਲ ਚਾਰ-ਪੰਜ ਟੈਂਕ ਖੜ੍ਹੇ ਦੇਖੇ, ਦੁਖਭੰਜਨੀ ਬੇਰੀ ਤੇ ਬ੍ਰਹਮ ਬੂਟੇ ਅਖਾੜੇ ਕੋਲ ਕਈ ਗੁਰਮੁਖ ਪਿਆਰੇ ਨੌਜਵਾਨ, ਬਿਰਧ ਸ਼ਹੀਦ ਹੋਏ ਦੇਖੇ।

ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦੇ ਕਮਰੇ ਵਿਚ ਅੱਗ ਦੇ ਭਾਂਬੜ ਬਲਦੇ ਹੋਏ ਦੇਖੇ। ਸਾਨੂੰ ਘੰਟਾ-ਘਰ ਡਿਓੜੀ ਦੇ ਬਾਹਰ ਫੁੱਲਾਂ ਵਾਲੀ ਦੁਕਾਨ ਕੋਲ ਪਿੱਠ ਸ੍ਰੀ ਦਰਬਾਰ ਸਾਹਿਬ ਵੱਲ ਤੇ ਮੂੰਹ ਕਟੜਾ ਆਹਲੂਵਾਲੀਆ ਵੱਲ ਕਰਵਾ ਕੇ ਲਾਈਨਾਂ ਵਿਚ ਰੋੜਾਂ, ਕੰਕਰਾਂ ਦੇ ਉੱਪਰ ਬਿਠਾ ਦਿੱਤਾ। ਅਤਿ ਗਰਮੀ ਹੋਣ ਕਰਕੇ ਤੇ ਪੇਟੋਂ ਭੁੱਖੇ ਹੋਣ ਕਰਕੇ ਪਿਆਸ ਨੇ ਬਹੁਤ ਵਿਆਕੁਲ ਕਰ ਦਿੱਤਾ। ਅਸੀਂ ਪਾਣੀ ਮੰਗੀਏ ਤਾਂ ਸਾਨੂੰ ਪਾਣੀ ਦੇਣ ਦੀ ਬਜਾਏ ਬਹੁਤ ਗੰਦੀਆਂ ਗਾਲ੍ਹਾਂ, ਬੋਲ-ਕੁਬੋਲ ਬੋਲਣ ਲੱਗ ਪੈਂਦੇ। ਇਹ ਸਾਰੀ ਬਟਾਲੀਅਨ ਜੋ ਸਾਡੇ ਦੁਆਲੇ ਹਥਿਆਰ ਲੈ ਕੇ ਨਿਸ਼ਾਨੇ ਬੰਨ੍ਹ ਕੇ ਖੜ੍ਹੀ ਸੀ, ਮਦਰਾਸੀ/ਬਿਹਾਰੀ ਜਿਹੇ ਜਾਪਦੇ ਸਨ। ਸਾਨੂੰ ਕਹਿੰਦੇ ਕਿ ਸਾਲੇ ਆਪ ਬਾਰਾਤ ਮੇਂ ਆਏ ਹੋ ਕਿ ਆਪ ਕੋ ਪਾਨੀ ਪਿਲਾਏਂਗੇ, ਆਪ ਕੋ ਪੇਸ਼ਾਬ ਪਿਲਾਏਂਗੇ। ਆਪ ਕੋ ਅਭੀ ਟੈਂਕੋਂ ਕੇ ਨੀਚੇ ਕੁਚਲ ਦੇਂਗੇ। ਬਾਰਡਰ ਪਰ ਲੇ ਜਾ ਕਰ ਗੋਲੀ ਮਾਰ ਦੇਂਗੇ। ਸਾਨੂੰ ਡਰਾਉਣ ਵਾਸਤੇ ਟੈਂਕ ਵੀ ਸਾਡੇ ਵੱਲ ਨੂੰ ਮੋੜ ਦਿੱਤੇ। ਸਾਡੇ ਲਾਗੇ ਬੀੜੀਆਂ/ਸਿਗਰਟਾਂ ਬਹੁਤ ਪੀਂਦੇ ਸਨ। ਸਾਨੂੰ ਸਿਰ ਵੀ ਉੱਪਰ ਨਹੀਂ ਚੁੱਕਣ ਦਿੰਦੇ ਸਨ। ਜੇਕਰ ਕੋਈ ਸਿਰ ਉੱਪਰ ਉਠਾਉਂਦਾ ਤਾਂ ਉਸ ਦੇ ਬੰਦੂਕ ਦੀ ਬੱਟ ਮਾਰਦੇ ਜਾਂ ਬੂਟਾਂ ਦੇ ਠੁੱਡ ਮਾਰਦੇ। ਮੇਰੀ ਤਾਂ ਉਨ੍ਹਾਂ ਦਾੜ੍ਹੀ ਨੂੰ ਵੀ ਹੱਥ ਪਾਇਆ ਅਤੇ ਬੱਟ ਮਾਰੇ। ਸਾਡੇ ਨਾਲ ਇਕ ਬੀਬੀ (ਭਾਈ ਫ਼ੌਜਾ ਸਿੰਘ ਜੀ ਸ਼ਹੀਦ ੧੯੭੮ ਦੀ ਸਾਲੀ ਬੀਬੀ ਪਰਮਜੀਤ ਕੌਰ ਲਾਡੀ ਦੇ ਨਾਲ) ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਈ ਸੀ, ਪਰ ਘਰ ਨਹੀਂ ਜਾ ਸਕੀ। ਉਸ ਦੇ ਵੀ ਗੋਲੀ ਲੱਗੀ ਤੇ ਖ਼ੂਨ ਨਾਲ ਲਥਪਥ ਹੋਈ, ਸਾਡੇ ਕੋਲ ਬੈਠੀ ਜ਼ਖ਼ਮਾਂ ਨਾਲ ਕਰਾਹ ਰਹੀ ਸੀ। ਬੀਬੀ ਪਰਮਜੀਤ ਕੌਰ ਲਾਡੀ ਛਬੀਲ ਭਾਈ ਸਵਾਇਆ ਸਿੰਘ ਕੋਲ ਸੇਵਾ ਕਰਦੀ ਸ਼ਹੀਦ ਹੋ ਗਈ ਸੀ। ਸਾਡੇ ਨਾਲ ਛੋਟੇ-ਛੋਟੇ ਬੱਚੇ ਭੁੱਖ-ਪਿਆਸ ਨਾਲ ਰੋ

ਰਹੇ ਸਨ ਪਰ ਮਿਲਟਰੀ ਵਾਲੇ ਬੇ-ਤਰਸ ਸਨ।

ਸਾਡੀਆਂ ਫੋਟੋਆਂ ਲਈਆਂ ਗਈਆਂ ਕਿ ਏਨੇ ਅੱਤਵਾਦੀ ਅੰਦਰੋਂ ਪਕੜੇ ਗਏ ਹਨ। ਮਿਲਟਰੀ ਵਾਲੇ ਬੀੜੀਆਂ-ਸਿਗਰਟਾਂ ਪੀਂਦੇ ਜੁੱਤੀਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਅੰਦਰ ਦਾਖ਼ਲ ਹੁੰਦੇ ਦੇਖੇ। ਸਾਡੇ ਦੁਆਲਿਓਂ ਮਿਲਟਰੀ ਦੀ ਪਹਿਲੀ ਗਾਰਦ ਬਦਲੀ ਤਾਂ ਕੁਝ ਨਰਮਾਈ ਵਾਲੇ ਅਫ਼ਸਰ ਆਏ। ਉਹ ਸਾਨੂੰ ਕਹਿਣ ਕਿ ਆਪ ਕੋ ਪਾਨੀ ਪਿਲਾਏਂਗੇ, ਪਹਿਲੇ ਆਪ ਬਤਾਏਂ ਕਿ ਭਿੰਡਰਾਂ ਵਾਲਾ ਕਹਾਂ ਹੈ? ਸਾਨੂੰ ਪਤਾ ਨਹੀਂ ਸੀ, ਅਸੀਂ ਕੀ ਦੱਸਦੇ? ਖ਼ੈਰ ਸਾਨੂੰ ਇਕ-ਇਕ ਗਿਲਾਸ ਪਾਣੀ ਦਾ ਪਿਲਾ ਦਿੱਤਾ। ਇਕ ਸਿੱਖ ਅਫ਼ਸਰ ਬਜ਼ਾਰ ਮਾਈ ਸੇਵਾਂ ਵੱਲ ਖੜ੍ਹਾ ਸਾਡੇ

ਵੱਲ ਦੇਖ ਰਿਹਾ ਸੀ। ਉਸ ਨੇ ਦੋ ਬਾਲਟੀਆਂ ਪਾਣੀ ਦੀਆਂ ਭੇਜੀਆਂ। ਸਾਡੀ ਹਾਲਤ ਦੇਖ ਕੇ ਸਿੱਖ ਮਿਲਟਰੀ ਵਾਲੇ ਜਵਾਨਾਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ ਪਰ ਹੁਕਮ ਦੇ ਬੱਧੇ ਕੁਝ ਨਹੀਂ ਕਰ ਸਕਦੇ ਸਨ। ਜੋ ਕੁਝ ਉਨ੍ਹਾਂ ਕੋਲੋਂ ਬਣ ਸਕਿਆ ਮਦਦ ਕਰਦੇ ਸਨ ਪਰ ਦੂਸਰੇ ਫ਼ੌਜੀ ਉਨ੍ਹਾਂ ਨੂੰ ਝਿੜਕ ਦਿੰਦੇ ਸਨ। ਸਾਡੇ ਉਥੇ ਘੰਟਾ-ਘਰ ਬੈਠਿਆਂ ਮਿਲਟਰੀ ਨੇ ਨੌਜਵਾਨਾਂ ਨੂੰ ਬੰਦੂਕਾਂ ਦੇ ਬੱਟਾਂ ਨਾਲ ਬਹੁਤ ਮਾਰਿਆ-ਕੁੱਟਿਆ, ਸਿਰ ਜ਼ਖ਼ਮੀ ਕਰ ਦਿੱਤੇ। ਸੰਧਿਆ ਰਾਤ ਸਮੇਂ ਸਾਨੂੰ ਹੱਥ ਬੰਨ੍ਹਿਆਂ ਨੂੰ ਹੀ ਕਿਹਾ ਕਿ ਲੇਟ ਜਾਓ। ਪਿੱਛੇ ਹੱਥ ਬੰਨ੍ਹੇ ਹੋਏ, ਹੇਠਾਂ ਰੋੜੇ ਕੰਕਰ, ਜ਼ਮੀਨ ਗਰਮ, ਕਿਵੇਂ ਆਰਾਮ ਕਰ ਸਕਦੇ ਸੀ? ਭੁੱਖੇ-ਪਿਆਸੇ ਜਿਹੜਾ ਕੋਈ ਪਾਠ ਆਉਂਦਾ ਕਰੀ ਗਏ।

੭ ਜੂਨ ਦੀ ਸਵੇਰ ਹੋਈ। ਸਾਨੂੰ ਉਥੋਂ ਉਠਾ ਕੇ ਘੰਟਾ-ਘਰ ਦੇ ਉਸ ਵੇਲੇ ਦੇ ਜੋੜਾ-ਘਰ ਕੋਲ ਬਿਠਾ ਦਿੱਤਾ। ਇਕ ਬੀਬੀ ਜੋ ਸੇਵਾਦਾਰ ਦੀ ਘਰਵਾਲੀ ਸੀ, ਜੋ ਕਿ ਘੰਟਾ-ਘਰ ਵਾਲੇ ਪਾਸੇ ਬਣੇ ਕੁਆਰਟਰਾਂ ਵਿਚ ਪਰਿਵਾਰ ਸਮੇਤ ਰਹਿ ਰਹੀ ਸੀ, ਸਾਡੇ ਕੋਲ ਰੋਂਦੀ-ਕੁਰਲਾਉਂਦੀ ਆਈ ਤੇ ਉਸ ਨੇ ਦੱਸਿਆ ਕਿ ਮਿਲਟਰੀ ਵਾਲਿਆਂ ਨੇ ਤਲਾਸ਼ੀ ਲੈਂਦੇ ਸਮੇਂ ਉਸ ਦਾ ਪਤੀ, ਦਿਓਰ, ਇਕ ਵੱਡੀ ਲੜਕੀ ਹੁਣੇ ਹੀ ਗੋਲੀ ਮਾਰ ਕੇ ਮਾਰ ਦਿੱਤੇ ਹਨ। ਖ਼ੈਰ ਅਜਿਹੀਆਂ ਘਟਨਾਵਾਂ ਬਹੁਤ ਹਨ, ਜਿਹੜੀਆਂ ਉਸ ਸਮੇਂ ਵਾਪਰੀਆਂ। ਉਸ ਦਿਨ ਵੱਡੇ-ਵੱਡੇ ਫ਼ੌਜੀ ਅਫ਼ਸਰ ਸ੍ਰੀ ਦਰਬਾਰ ਸਾਹਿਬ ਆਏ, ਅਸਲੇ ਦੀਆਂ ਤਿੰਨ ਕੁ ਗੱਡੀਆਂ ਭਰ ਕੇ ਲਿਆਏ, ਸਿੰਘਾਂ ਦੀਆਂ ਵੱਡੀਆਂ ਕਿਰਪਾਨਾਂ

ਤੇ ਚੋਲੇ-ਬਸਤਰਾਂ ਦੀਆਂ ਗੰਢਾਂ ਬੰਨ੍ਹੀਆਂ ਦੇਖੀਆਂ, ਜੋ ਕਿ ਉਹ ਅੰਦਰ ਲੈ ਗਏ। ਸ਼ਾਇਦ ਇਹ ਦਿਖਾਉਣ ਲਈ ਕਿ ਮਿਲਟਰੀ ਨੇ ਏਨਾ ਅਸਲਾ ਅਤੇ ਸ਼ਸਤਰ ਕਾਬੂ ਕੀਤੇ ਹਨ। ਸਾਡੇ ਵਿਚੋਂ ਇਕ ਰਾਗੀ ਸਿੰਘ (ਭਾਈ ਹਰਚਰਨ ਸਿੰਘ ਜੋ ਕਿ ਹੁਣ ਚੜ੍ਹਾਈ ਕਰ ਚੁੱਕੇ ਹਨ) ਤੇ ਇਕ ਇਨਫ਼ਰਮੇਸ਼ਨ ਅਫ਼ਸਰ (ਨੰਦਾ ਜੀ) ਨੂੰ ਭਿੰਡਰਾਂ ਵਾਲੇ ਸੰਤਾਂ ਦੀ ਲਾਸ਼ ਪਹਿਚਾਨਣ ਵਾਸਤੇ ਲੈ ਗਏ। ਉਨ੍ਹਾਂ ਨੇ ਪਹਿਚਾਣ ਕਰਕੇ ਇਹ ਹੀ ਦੱਸਿਆ ਕਿ ਇਹ ਲਾਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹੈ, ਜੋ ਕਿ ਘੰਟਾ-ਘਰ ਵਾਲੇ ਪਾਸੇ ਡਿਓੜੀ ਵਿਚ ਰੱਖੀ ਗਈ ਸੀ। ਦੁਪਹਿਰ ਤੋਂ ਬਾਅਦ ਤਕਰੀਬਨ ੨੨ ਘੰਟਿਆਂ ਬਾਅਦ ਸਾਡੇ ਹੱਥ ਖੋਲ੍ਹੇ। ਸਾਨੂੰ ਮਿਲਟਰੀ ਕੈਂਪ ਜੋ ਕਿ ਮਿਲਟਰੀ ਵਾਲਿਆਂ ਬੱਚਿਆਂ ਦਾ ਸਕੂਲ ਸੀ ਅਤੇ ਨਵਾਂ ਤਿਆਰ ਹੋਇਆ ਸੀ, ਛਾਉਣੀ ਵਿਚ ਲੈ ਗਏ। ਸਾਨੂੰ ਉਥੇ ਛੋਟੇ-ਛੋਟੇ ਕਮਰਿਆਂ ਵਿਚ ਬੰਦ ਕਰ ਦਿੱਤਾ। ਕੋਈ ਪਾਣੀ ਵਗੈਰਾ ਦੀ ਬਾਤ



**ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚਲੀ ਇਕ ਇਮਾਰਤ ਦੀ ਛੱਤ 'ਤੇ ਸਟੇਨਗੰਨਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਗੋਲੀਬਾਰੀ ਕਰਦੇ ਹੋਏ ਫ਼ੌਜੀ।**

ਨਹੀਂ ਪੁੱਛੀ। ਬਹੁਤ ਕਹਿਣ 'ਤੇ ਕੂੜੇ-ਕਰਕਟ ਵਾਲੇ ਡਰੰਮਾਂ ਵਿਚ ਪਾਣੀ ਭਰ ਕੇ ਪਿਲਾ ਦਿੱਤਾ। ਪਾਣੀ ਦੀ ਘਾਟ, ਕਮਰੇ ਛੋਟੇ ਅਤੇ ਬੰਦੇ ਬਹੁਤ ਹੋਣ ਕਰਕੇ ਵਾਤਾਵਰਨ ਬਹੁਤ ਸਾਹ-ਘੁੱਟਵਾਂ ਹੋ

ਗਿਆ ਸੀ। ਸਾਡੇ ਵਿਚੋਂ ਦੋ ਪ੍ਰਾਣੀ ਤਾਂ ਉਸੇ ਵੇਲੇ (ਭਾਈ ਸਰਦਾਰ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਵਿਛਾਈ ਦੀ ਸੇਵਾ ਕਰਦੇ ਸਨ ਅਤੇ ਇਕ ਭਾਈ ਮੱਲ ਸਿੰਘ) ਚੜ੍ਹਾਈ ਕਰ ਗਏ। ਬਾਅਦ ਵਿਚ ਇਕ ਹੋਰ ਸਿੰਘ ਬੁਖਾਰ ਹੋਣ ਕਾਰਨ ਚੜ੍ਹਾਈ ਕਰ ਗਿਆ ਸੀ। ਸਾਡੇ ਵਿਚੋਂ ਛਾਂਟੀ ਕਰਕੇ ਚਾਲ੍ਹੀ ਸਾਲ ਤੋਂ ਹੇਠਾਂ ਉਮਰ ਦੇ ਆਦਮੀ ਇਕ ਪਾਸੇ ਅਤੇ ਇਸ ਤੋਂ ਉੱਪਰਲੀ ਉਮਰ ਦੇ ਅਤੇ ਬਜ਼ੁਰਗ ਵੱਖ-ਵੱਖ ਕਮਰਿਆਂ ਵਿਚ ਬੰਦ ਕਰ ਦਿੱਤੇ। ਬੀਬੀਆਂ-ਬੱਚੇ ਵੱਖ-ਵੱਖ ਕਮਰਿਆਂ ਵਿਚ ਭੇਜ ਦਿੱਤੇ। ਸਾਡੇ ਵਿਚੋਂ ਬਹੁਤ ਸਾਰੇ ਸਿੰਘ ਜ਼ਖ਼ਮੀ ਸਨ। ਪਹਿਲੇ ਦਿਨਾਂ ਵਿਚ ਕੋਈ ਇਲਾਜ ਨਹੀਂ ਸੀ ਹੋ ਰਿਹਾ। ਰੋਟੀ-ਪਾਣੀ ਦਾ ਵੀ ਕੋਈ ਠੀਕ ਇੰਤਜ਼ਾਮ ਨਹੀਂ ਸੀ। ਕਦੀ ਰਾਤ ਬਾਰ੍ਹਾਂ ਵਜੇ, ਕਦੀ ਸ਼ਾਮ ਤਿੰਨ ਵਜੇ ਖਾਣਾ ਦਿੰਦੇ ਸਨ। ਅਖ਼ੀਰਲੇ ਦਿਨਾਂ ਵਿਚ ਚਾਹ ਵਗੈਰਾ

ਦੇਣੀ ਸ਼ੁਰੂ ਕਰ ਦਿੱਤੀ। ਨਹਾਉਣ, ਧੋਣ ਦੀ ਤੰਗੀ ਸੀ। ਫਲੱਸ਼ਾਂ ਵਾਲੀਆਂ ਟੂਟੀਆਂ ਵਿਚੋਂ ਪਾਣੀ ਲੈ ਕੇ ਇਸ਼ਨਾਨ ਕਰਨਾ ਅਤੇ ਪੀਣ ਲਈ ਵੀ ਉੱਥੋਂ ਹੀ ਭਰਨਾ। ਤੇੜ ਵਾਲੇ ਕਛਹਿਰੇ ਨਾਲ ਹੀ ਇਸ਼ਨਾਨ ਕਰਨਾ ਤੇ ਉਹ ਹੀ ਗਿੱਲਾ ਪਾ ਲੈਣਾ। ਖ਼ੈਰ ਸਾਡੇ ਵਿਚੋਂ ਵੱਖ-ਵੱਖ ਕਮਰਿਆਂ ਵਿਚੋਂ ਕੁਝ ਸ਼ੱਕੀ ਬੰਦਿਆਂ, ਨੌਜਵਾਨਾਂ/ਇਸਤ੍ਰੀਆਂ ਨੂੰ ਜੋਧਪੁਰ ਜੇਲ੍ਹ ਵਿਚ ਭੇਜ ਦਿੱਤਾ ਅਤੇ ਹੋਰਾਂ ਨੂੰ ਬਾਹਰਲੀਆਂ ਜੇਲ੍ਹਾਂ ਵਿਚ ਵੀ। ਸਾਡੀਆਂ ਅਖ਼ੀਰਲੇ ਦਿਨਾਂ ਵਿਚ ਫ਼ੋਟੋਆਂ ਲੈ ਕੇ ੨੨ ਜੂਨ ਨੂੰ ਅੰਮ੍ਰਿਤਸਰ ਜੇਲ੍ਹ ਭੇਜ ਦਿੱਤਾ। ਓਥੇ ਸਾਨੂੰ ਜੇਲ੍ਹ ਵਾਲਿਆਂ ਨੇ ਸੁਖ-ਆਰਾਮ ਦਿੱਤਾ। ਹਮਦਰਦੀ

ਭਰਿਆ ਵਤੀਰਾ ਰੱਖਿਆ। ੨੫ ਜੂਨ ਨੂੰ ਉਥੋਂ ਸਾਨੂੰ ਆਪਣੇ-ਆਪਣੇ ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ। ਦਾਸ ਹੋਰ ਸਾਥੀਆਂ ਨਾਲ ਹੁਸ਼ਿਆਰਪੁਰ ਜ਼ਿਲ੍ਹਾ ਜੇਲ੍ਹ ਵਿਚ ੨੯ ਜੂਨ ਤੱਕ ਰਿਹਾ ਜਿਥੋਂ ਅਸੀਂ ਬਿਨਾਂ ਜ਼ਮਾਨਤ ਰਿਹਾਅ ਕੀਤੇ ਗਏ। ਜ਼ਿਲ੍ਹਿਆਂ ਦੀਆਂ ਜੇਲ੍ਹਾਂ ਵਿਚ ਸਿੱਖ ਕੈਦੀਆਂ ਨੇ ਸਾਡੇ ਨਾਲ ਬਹੁਤ ਹਮਦਰਦੀ ਕੀਤੀ। ਪੰਜਾਬ ਪੁਲਿਸ ਦਾ ਵਤੀਰਾ ਵੀ ਸਾਡੇ ਨਾਲ ਬਹੁਤ ਹਮਦਰਦੀ ਭਰਿਆ ਰਿਹਾ। ਸ਼੍ਰੋਮਣੀ ਕਮੇਟੀ ਦੇ ਤਕਰੀਬਨ ੭੦-੯੦ ਦੇ ਕਰੀਬ ਸੇਵਾਦਾਰ/ਮੁਲਾਜ਼ਮ ਪਹਿਲਾਂ ਹੀ ਛੁਡਾ ਲਏ ਗਏ ਸਨ। ਇਹ ਸਨ ੩ ਜੂਨ ਤੋਂ ੨੯ ਜੂਨ ਤੱਕ ਦੇ ਹਾਲਾਤ। ਹੋਰ ਹਾਲਾਤ ਬਾਰੇ ਬਹੁਤ ਕੁਝ ਵੱਖ-ਵੱਖ ਗੁਰਮੁਖਾਂ ਪਿਆਰਿਆਂ ਵਲੋਂ ਲਿਖਿਆ

ਗਿਆ ਹੈ ਜਿਸ ਨੂੰ ਪੜ੍ਹਿਆਂ, ਆਪਣੇ ਆਜ਼ਾਦ ਦੇਸ਼ ਵਿਚ ਇਕ ਕੌਮ (ਸਿੱਖ ਕੌਮ) ਨਾਲ ਹੋਏ ਜ਼ੁਲਮਾਂ ਕਾਰਨ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

**# ਮਕਾਨ ਨੰ. ੨੩੩੪, ਗਲੀ ਨੰ: ੨, ਧਰਮਪੁਰਾ, ਜੌੜਾ ਫਾਟਕ, ਅੰਮ੍ਰਿਤਸਰ।**



# ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩ ॥**
**(ਰਾਗੁ ਸੂਹੀ ਛੰਤ ਮ.੧, ਪੰਨਾ : ੭੬੫-੬੬)**

ਵਾਹ! ਕਿਆ ਸੁੰਦਰ ਗੁਰ-ਸਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਹੁੰਦੀ ਹੈ। ਇਸ ਗੁਣ-ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ। "ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ " ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ- "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਵਾਹੁ ਕੈਸੀ ਉੱਤਮ ਗੁਰਮੱਤੜੀ! ਕੈਸੀ ਸੁਹਣੀ ਗੁਰ ਸਿੱਖਿਆ ਹੈ!! ਵਾਹੁ!! ਧੰਨ!! ਗੁਰਸਿੱਖਾਂ ਨੂੰ ਗੁਰਸਿਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗੁਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿੱਖੀ ਉੱਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗੁਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨਾ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ

ਦੀ ਇਹ ਨਾਮ-ਤਰਬ-ਤੁੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਂਞੇ ਰਹਿ ਜਾਂਦੇ ਹਨ।

**ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥**
**ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥**
**(ਵਾਰਾਂ ਤੇ ਵਧੀਕ, ਸਲੋਕ ਮ. ੪, ਪੰਨਾ : ੧੪੨੨)**

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿੱਖਾਂ, ਹਰਿ-ਗੁਣ-ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ ਖਿੜਦਾ ਰਹੇਗਾ ਅਤੇ ਤਿਨ੍ਹਾਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਰਹੇਗਾ।

ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚਾ ਹੁਕਮ ਹੈ : -

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥**
**(ਬਸੰਤੁ ਮ. ੫, ਹਿੰਡੋਲ, ਪੰਨਾ : ੧੧੮੫)**

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲ ਵਿਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜਿ ਬੈਠਣਹਾਰਿਆਂ, ਹਰਿ-ਗੁਣ-ਲਿਵ-ਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ-ਸਾਂਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤੁੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੈ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ, ਇਕ ਸਫ ਉਤੇ ਨਿਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧੰਮ ਬਫ਼ਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਉਸਰਿ ਕੇ ਬੈਠਣ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਅਤੇ ਇਸ ਬਿਧ ਰਲ ਮਿਲ ਬੈਠ ਕੇ ਹਰਿ ਨਾਮੇ ਦੀ ਜੋੜੀ ਹੋਵਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਸਿਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਆ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸ਼ੁਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

## ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ-

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਦਸ ਗਿਆਰਾਂ ਸਾਲ ਪਹਿਲਾਂ (੧੯੨੬-੨੭ ਵਿਚ) ਕੈਸਾ ਚੜ੍ਹਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਇ ਕੇ ਅਤੇ "ਸੁਣਿ ਮੀਤਾ ਧੂਰੀ ਕਉ ਬਲਿ ਜਾਈ॥" (ਸੋਰਠਿ ਮ.੫, ਪੰਨਾ : ੬੧੧-੧੨) ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਸੇਵਾ ਕਮਾਇ ਰਹੇ ਸਨ। ਓਹ ਆਪਣੇ ਸਜਣ ਮਿੱਤਰ ਗੁਰਸਿਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿਖ ਸੇਵਕ ਆਗੂਆਂ ਵਿਚ ਵੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਹਾਂ ਜੀ! ਫੇਰ ਪੜ੍ਹੋ "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ : -

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥**
**ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥**
**ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥**
**ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥**
**ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥**
**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥**
**(ਰਾਗੁ ਸੂਹੀ ਛੰਤ ਮ. ੧, ਪੰਨਾ : ੭੬੫)**

ਹਾਂ ਜੀ! ਹਉ ਬਲਿਹਾਰੀ! ਬਲਿਹਾਰੀ ਸਾਜਨਾ! ਬਲਿਹਾਰੀ! ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ!! ਮੀਤਾ ਅਵਰੀਤਾ!! ਅਵਰੀਤਾ ਵਿਸੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ

ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹਿ ਬੈਠਿਆਂ ਭੀ, ਹਜ਼ਾਰੀ ਬਾਗ਼, ਰਾਜ ਮੰਦਰੀ, ਨਾਗ ਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗਣੁ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹ! ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗਾਂ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖ਼ੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ ਹਿਰਦਿਆਂ ਵਿਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ! ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ! ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ! "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ! ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਵੰਦੇ ਹਨ।

## ਅਉਗੁਣ ਨ ਚਿਤਾਰੋ-

**ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ-**

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥... ॥੮ ॥੧੨ ॥**

**(ਸਿਰੀਰਾਗੁ ਮ. ੧, ਪੰਨਾ : ੬੧)**

**ਤਥਾ- ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥... ॥੮ ॥੪ ॥**

**(ਪ੍ਰਭਾਤੀ ਮ. ੧, ਪੰਨਾ : ੧੩੪੪)**

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ।

ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲ-ਜਾਨੀਆਂ ਦੀਆਂ ਦਿਲਜਾਨੀਆਂ ਹੀ ਚੇਤੇ ਹੋਣੀਆਂ ਹੋਈਆਂ।

ਓਸੇ ਸਫ਼ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਬੀਰ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨ ਹੋਇ ਪੰਥ ਸੇਵਾ ਦੀਆਂ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅੱਥਕ ਕੁਰਬਾਨੀ ਹੀ ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁਟ ਸਨਮਾਨ ਜਮਾਇ ਰਹਿਆ ਹੈ।

ਓਦੋਂ ਹੀ ਐਨ ਉਸ ਸਮੇਂ ਸਰਦਾਰ ਹਰਚੰਦ ਸਿੰਘ ਦੀ ਸੱਜੀ ਬਾਂਹ ਪੰਥ ਦੇ ਗੁਝੇ ਲਾਲ ਗੁਰਪੁਰ ਨਿਵਾਸੀ ਸ੍ਰੀ ਯੁਤ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਪੰਥ ਕੁਰਬਾਨੀ ਦੀ ਕਰਬਲਾ ਵਿਚ ਆਣ ਚਮਕੇ। ਇਹ ਨਿਰੋਲ ਨਿਰਮਾਣ ਨਿਸ਼ਕਾਮ ਕਰਨੀਆਂ ਪੰਥ ਲਈ ਖ਼ਾਸ ਫ਼ਖ਼ਰ ਦਾ ਕਾਰਨ ਹਨ। ਭਾਵੇਂ ਉਹ ਪੰਥ ਅਤੇ ਦੇਸ ਦੀ ਕੁਰਬਾਨੀ ਵਾਲੇ ਹਵਨ-ਕੁੰਡ ਵਿਚਿ ਆਪਣੀ ਆਹੂਤੀ ਦੇ ਕੇ ਕਈ ਸਾਲਾਂ ਤੋਂ ਗੁਰਪੁਰੀ ਨੂੰ ਪਧਾਰ ਚੁਕੇ ਹਨ, ਪਰ ਓਹਨਾਂ ਦੀ ਅਦੁੱਤੀ ਯਾਦਗਾਰ ਕਦੇ ਭੀ ਨਹੀਂ ਵਿਸਾਰੀ ਜਾ ਸਕਦੀ।

ਓਦੋਂ ਦੀ ਹੀ ਇਹਨਾਂ ਉਪਰਲਿਆਂ ਪੰਥ-ਪਰਵਾਨਿਆਂ ਦੇ ਨਾਲ ਲਗਵੀਂ ਹੀ ਸਰਦਾਰ ਸੁੰਦਰ ਸਿੰਘ ਜੀ ਲਾਇਲਪੁਰੀ ਦੀ ਯਾਦ-ਆਵਰੀ ਕੁਛ ਘਟ ਦਿਲ ਮੋਹਣੀ ਤਾਂ ਨਹੀਂ। ਓਦੋਂ ਦੀਆਂ ਵੀਰ ਸੁੰਦਰ ਸਿੰਘ ਲਾਇਲਪੁਰੀ ਦੀਆਂ ਦਲੇਰੀਆਂ ਅਤੇ ਨਿਰਭੈ ਭਬਕਾਂ ਅਤੇ ਨਿੱਗਰ ਕਾਰਨਾਮਿਆਂ ਨੇ ਹੀ ਅਕਾਲੀ ਲਹਿਰ ਦੇ ਪਹੁ-ਫੁਟਾਲੇ ਵਿਚ ਅਦੁੱਤੀ ਪੰਥ-ਦੂਲਿਆਂ ਦੇ ਨਾਲ ਮਿਲ ਕੇ ਪਹਿਲ ਕੀਤੀ ਸੀ ਅਤੇ ਖਾਸੇ ਚਿਰ ਤਕ ਡਟੇ ਰਹੇ। ਓਹਨਾਂ ਦੀਆਂ ਬੜੀਆਂ ਬੜੀਆਂ ਪੰਥ ਅਤੇ ਦੇਸ ਸੇਵਾ ਦੀਆਂ ਕਾਰ-ਗੁਜ਼ਾਰੀਆਂ ਅਸਾਡੇ ਚੇਤੇ ਹਨ। ਪਰ ਏਥੇ ਵਿਥਾਰ ਕੀ ਕਰਨਾ ਹੈ; ਲੇਖ ਵਧ ਜਾਏਗਾ। ਗੁਰੂ ਨੇ ਹੀ ਪ੍ਰੇਰ ਕੇ ਇਹ ਸੇਵਾ ਓਹਨਾਂ ਤੋਂ ਕਰਾਈ, ਭੁਲ-ਭੁਲਈਆਂ ਦਿਲਾਵਣਹਾਰਾ ਆਪੇ ਹੀ ਓਹਨਾਂ ਨੂੰ ਭਾਣੇ ਅੰਦਰ ਫੇਰ ਪੰਥਕ ਮੈਦਾਨ ਵਿਚ ਲੈ ਆਵੇਗਾ।

ਏਹਨਾਂ ਦੇ ਨਾਲ ਲਗਦੇ ਹੀ ਪੰਥ ਅਤੇ ਦੇਸ ਸੇਵਾ ਦੀ ਅਤੇ ਕਾਹਲੀ ਆਸ਼ਕੀ ਵਾਲੇ ਅਨਿੰਨ ਪਰਵਾਰੇ ਉਪਜੇ ਤਾਂ ਅਸਾਡੇ ਸ਼ੇਰ ਦਿਲ ਦੀਆਂ ਭਬਕਾਂ ਨੂੰ ਭੀ ਮਾਤ ਕਰਨਹਾਰੇ ਫ਼ਖ਼ਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਨੰਦਪੁਰੀ ਅਕਾਲੀ ਉਪਜੇ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦਾ ਮੁੱਢ ਅਸਾਡੇ ਨਾਲ ਹੀ ਗੁਰਦਵਾਰਾ ਰਕਾਬ ਗੰਜ ਦੀ ਸੇਵਾ ਤੋਂ ਬੰਨ੍ਹਿਆ। ਉਸ ਸਮੇਂ ਦੇ ਇਕੋ ਇਕ ਉਘੇ ਪੰਥ ਅਖਬਾਰ 'ਖਾਲਸਾ ਅਖਬਾਰ' ਦੀ ਅਰੰਭਕ ਧੜੱਲੇਦਾਰ ਐਡੀਟਰੀ ਦੀ ਧਾਂਕ ਪਾਈ, ਤਾਂ ਮਾਸਟਰ ਮੋਤਾ ਸਿੰਘ ਜੀ ਨੇ ਪਾਈ। ਪਿਛੋਂ ਮਾਰਸ਼ਲ-ਲਾ ਦੇ ਸਮੇਂ ਪੰਥ ਦੀ ਰਖ ਵਿਖਾਈ ਤਾਂ ਇਸੇ ਮੁਕਟ ਮੋਤੀਸ਼ਰ ਨੇ ਰਖ ਵਿਖਾਈ। ਫੇਰ ਸਤਿਗੁਰੂ ਨੇ ਏਸ ਜੰਗ ਬਹਾਦਰ ਨੂੰ ਪ੍ਰੇਰ ਕੇ ੧੯੧੪ ਵਾਲੇ ਸ਼ਹੀਦਾਂ ਅਤੇ ਉਮਰ ਕੈਦੀਆਂ ਦੀਆਂ ਕਰਨੀਆਂ ਉਤੇ ਫੁੱਲ ਚੜ੍ਹਾਇ ਕੇ ਦੇਸ ਅਤੇ ਕੌਮ ਨੂੰ ਆਪਣੀ ਗਰਜਵੀਂ ਅਵਾਜ਼ ਨਾਲਿ ਹਲੂਣਿਆ ਅਤੇ ਆਪ ਖ਼ੁਦ ਅਗਿਣਤ ਕਾਰਨਾਮਿਆਂ ਕਰਿ ਬੜੇ ਤਸੀਹੇ ਸਹੇ ਅਤੇ ਜਫਰ ਜਾਲੇ, ਜਿਨ੍ਹਾਂ ਦੀ ਦਾਸਤਾਨ ਅਸਾਡੇ ਹਿਰਦੇ ਉਤੇ ਅਤਿ ਉੱਚ ਜ਼ਿਕਰੇ ਖ਼ੈਰ ਨਾਲ ਉੱਕਰੀ ਪਈ ਹੈ। ਸਤਿਗੁਰੂ ਨੇ ਹੀ ਇਸ ਵਿਅਕਤੀ ਵਿਖੇ ਇਹ ਅਮਿੱਤ ਬਲ ਪ੍ਰਦਾਨ ਕਰ ਕੇ ਅਟੁਟ ਕੁਰਬਾਨੀਆਂ ਕਰਾਈਆਂ। ਗੁਰੂ ਬਰਕਤਾਂ ਤੇ ਗੁਣ ਹੀ ਗੁਣ ਅਸਾਡੇ ਚੇਤੇ ਹਨ ਅਤੇ ਇਹੋ ਕਹਿਣੇ ਚਾਹੀਏ।

ਪੁਰਾਤਨ ਪਾਰਗਰਾਮੀ ਸੌ ਸਾਖੀਆਂ ਅੰਦਰ ਬਿਦਤਾਏ "ਮੇਰੋ ਇਕ ਵਣਜਾਰੋ ਸਿੱਖ" ਸ੍ਰੀ ਮਾਨ ਪ੍ਰਸਿਧ ਬਾਬਾ ਗੁਰਦਿਤ ਸਿੰਘ ਜੀ ਦੀਆਂ ਸ਼ੁਭ ਕਰਨੀਆਂ ਦਾ ਚੇਤਾ ਭੀ ਸਾਨੂੰ ਵਿਗਸਾਇ ਫੁਲਾਇ ਰਿਹਾ ਹੈ।

ਅਸਾਡੀ ਲੰਬੀ ਜੇਲ੍ਹ ਯਾਤਰਾ ਦੇ ਸਮੇਂ ਅੰਦਰ ਫੇਰ ਅਨੇਕਾਂ ਹੀ ਇਕ ਦੂੰ ਇਕ ਚੜ੍ਹਦੀਆਂ ਕੁਰਬਾਨੀਆਂ-ਪੁੰਜ ਪੰਥਕ ਹਸਤੀਆਂ ਉਪਜੀਆਂ, ਜਿਨ੍ਹਾਂ ਦਾ ਟੂਕ ਮਾਤਰ ਰਮਜ਼ ਚੇਤਾਵਨੀ ਏਥੇ ਚਿਤਾਰਨੀ ਕਾਫ਼ੀ ਹੋਊ। ਹਜ਼ਾਰੀ ਬਾਗ ਦੀ ਜੇਲ੍ਹ ਅੰਦਰ ਸਾਨੂੰ ਸਭ ਤੋਂ ਪਹਿਲਾਂ ਮੁਖੀ ਪੰਥ ਨਵ ਯੁਵਕਾਂ ਵਿਚੋਂ ਗਿਆਨੀ ਸਰਦੂਲ ਸਿੰਘ ਕਵੀਸ਼ਰ ਦਾ ਉਘਾ ਨਾਉਂ ਵਿਦਮਾਨ ਹੋਇਆ। ਇਹਨਾਂ ਨੇ ਹੰਭਲਾ ਮਾਰ ਕੇ ਅਤੇ ਪੁਰਾਤਨ ਬਹਾਦਰ ਸਿੰਘਾਂ ਵਾਲਾ ਮਾਰਗ ਵਿਖਾ ਕੇ ਗੁਰਦਵਾਰਾ ਰਕਾਬ ਗੰਜ ਦੀ ਰਹਿੰਦੀ ਸੇਵਾ ਨੂੰ ਸਰਅੰਜਾਮ ਦਿੱਤਾ। ਓਹਨਾਂ ਦੀ ਲਿਖਤੀ ਇਕ ਕਿਤਾਬ ਅਸਾਨੂੰ ਪਹਿਲੇ ਪਹਿਲ ਜੇਲ੍ਹ ਵਿਚ ਮਿਲੀ, ਜਿਸ ਤੋਂ ਅਸਾਨੂੰ "ਸ੍ਰੀ ਨਨਕਾਣੇ ਸਾਹਿਬ" ਦੇ ਸਾਕੇ ਦਾ ਸਮਾਚਾਰ ਮਿਲਿਆ।

ਨਾਲ ਲਗਵੇਂ ਹੀ ਵੀਰ ਹੀਰਾ ਸਿੰਘ ਜੀ ਦਰਦ ਰਚਿਤ "ਦਰਦ ਸੁਨੇਹੇ' ਸਾਨੂੰ ਦੂਰ ਦਰਾਜ਼

ਬੈਠਿਆਂ ਨੂੰ ਮਿਲੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਦੀ ਤਸਵੀਰ ਅਸਾਡੇ ਸਾਹਮਣੇ ਖੜੀ ਹੋ ਗਈ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਅਤੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ ਅਸਾਡੀਆਂ ਦਿਲ ਦੀਆਂ ਤਖ਼ਤੀਆਂ ਉਤੇ ਅੰਕਰਾਈਆਂ ਤਾਂ ਏਹਨਾਂ ਵੀਰਾਂ ਹੀ ਅੰਕਰਾਈਆਂ। ਏਹਨਾਂ ਦੋਹਾਂ ਵੀਰਾਂ ਦੀ ਉਘੀ ਪੰਥ ਅਤੇ ਦੇਸ਼ ਸੇਵਾ ਕਦੇ ਭੀ ਅਖੀਓਂ ਓਹਲੇ ਨਹੀਂ ਕੀਤੀ ਜਾ ਸਕਦੀ। ਬਲਕਿ ਉਸ ਦੀ ਯਾਦ ਮਾਤ੍ਰ ਹੀ ਹਿਰਦਿਆਂ ਨੂੰ ਤਰੋ ਤਾਜ਼ਾ ਕਰ ਰਹੀ ਹੈ।

ਹਜ਼ਾਰੀ ਬਾਗ਼ ਜੇਲ੍ਹ ਵਿਚੋਂ ਰਾਜ ਮੰਦਰੀ ਜੇਲ੍ਹ ਦਾ ਚਲਾਨ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆਂ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲਗ ਪਈਆਂ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ ਅਤੇ ਸ. ਮੰਗਲ ਸਿੰਘ ਜੀ, ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬ੍ਰਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ! ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਸਾਡੀ ਅਰਦਾਸ ਹੈ ਕਿ ਤੁੱਠਾ ਸਾਹਿਬ ਤੁਸਾਡੀਆਂ ਉਕਤ ਖ਼ਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਓਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾਂ ਅਤੇ ਸ਼ਕਰ-ਰੰਜੀਆਂ ਦਾ ਵਿਨਾਸ ਹੋਵੇ।

## ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ ?

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀ-ਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖ਼ਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥...॥੩॥ (॥੫॥੫॥੧੨੬॥)**
**(ਗਉੜੀ ਮ. ੫, ਪੰਨਾ: ੨੦੬)**

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆਂ ਖ਼ਿਦਮਤਾਂ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ! ਊਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾ: ਸ਼ੇਰ ਸਿੰਘ ਗਿਆਨੀ ਦੇ ਹਮ-ਪੱਲਾ ਹੋ ਕੇ ਅਥੱਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗ੍ਰਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਵਾਲੇ ਗੁਰਵਾਕ ਉਪਰ ਚਲਨਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੱਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁਢ ਵਿਚ ਦਿਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿੱਟ ਸਕਦੇ ਹਨ।

ਐ ਪੰਥ ਭੂਸ਼ਨੋ! ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ! ਤੁਸਾਡੀਆਂ ਸਾਰੀਆਂ ਕੀਤੀਆਂ ਖ਼ਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਦਿਹਾੜੇ ਪੰਥ ਵਾਲੀ ਦੇ ਪਵਿੱਤਰ ਅਵਤਾਰ ਪੁਰਬ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛੱਡਣ ਦੇ ਰਾਹ ਪੈ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾਂ ਦੇ ਕੁਚੱਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉੱਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋਗੇ : -

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥**
**ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥**
**ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥**
**(ਧਨਾਸਰੀ ਮ. ੫, ਪੰਨਾ : ੬੭੧)** ▪▪

# ਪੰਥਕ ਹਿੱਤਾਂ ਵਿਚ ਨਹੀਂ ਹੈ ਸਿੱਖਾਂ ਦਾ ਆਪਸੀ ਵਿਚਾਰਧਾਰਕ ਟਕਰਾਅ

ਤਲਵਿੰਦਰ ਸਿੰਘ ਬੁੱਟਰ

**ਇੱਕੀਵੀਂ ਸਦੀ ਵਿਚ ਵਿਸ਼ਵ-ਵਿਆਪੀ ਸਿੱਖ ਪੰਥ ਆਪਣੀ ਨਿਆਰੀ ਤੇ ਨਿਰਾਲੀ ਹੋਂਦ-ਹਸਤੀ ਨੂੰ ਲੈ ਕੇ ਅਨੇਕਾਂ ਬਾਹਰੀ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਦੂਜੇ ਪਾਸੇ ਪੰਥ ਦੀ ਅੰਦਰੂਨੀ ਫ਼ੁੱਟ, ਵਿਚਾਰਧਾਰਕ ਟਕਰਾਅ ਅਤੇ ਧੜ੍ਹੇਬੰਦੀਆਂ ਦੀਆਂ ਦਿਨੋਂ-ਦਿਨ ਤਿੱਖੀਆਂ ਹੋ ਰਹੀਆਂ ਲਕੀਰਾਂ ਪੰਥ ਨੂੰ ਖੇਰੂੰ-ਖੇਰੂੰ ਕਰਨ ਦਾ ਬਾਨ੍ਹਣੂ ਬੰਨ੍ਹ ਰਹੀਆਂ ਹਨ। ਜੇਕਰ ਅਸੀਂ ਸਾਰੇ ਇਕ ਗੁਰੂ ਦੇ ਸਿੱਖ ਹਾਂ, ਸਾਡਾ ਇਸ਼ਟ ਇਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹੈ, ਸਾਡਾ ਅਕੀਦਾ ਇਕੋ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ' ਹੈ, ਸਾਡਾ ਨਿਸ਼ਾਨ ਇਕ ਹੈ, ਸਾਡਾ ਜੈਕਾਰਾ ਇਕ ਹੈ, ਸਾਡੀ ਬੋਲੀ 'ਗੁਰਮੁਖੀ' ਇਕ ਹੈ, ਅਤੇ ਫਿਰ ਵੀ ਅਸੀਂ ਏਨੀ ਬੁਰੀ ਤਰ੍ਹਾਂ ਧੜ੍ਹਿਆਂ ਅਤੇ ਨਫ਼ਰਤਾਂ ਵਿਚ ਕਿਉਂ ਵੰਡੇ ਹੋਏ ਹਾਂ ਕਿ ਗੁਰੂ ਦੀ ਸ਼ਰਨ (ਗੁਰਦੁਆਰਿਆਂ) ਵਿਚ ਵੀ ਇਕੱਠੇ ਇਤਫ਼ਾਕ ਨਾਲ ਨਹੀਂ ਬੈਠ ਸਕਦੇ ?**



**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੰਥਕ ਇਕੱਤਰਤਾ ਦੀ ਇਕ ਫ਼ਾਈਲ ਫ਼ੋਟੋ।**

ਉਨ੍ਹੀਂਵੀਂ ਸਦੀ ਦੇ ਸਿੱਖਾਂ ਦੇ ਰੌਸ਼ਨ ਦਿਮਾਗ਼ ਵਿਦਵਾਨ ਤੇ ਪੰਥ ਚਿੰਤਕ ਗਿਆਨੀ ਦਿੱਤ ਸਿੰਘ ਲਿਖਦੇ ਹਨ, "ਘਾਸ (ਘਾਹ) ਦਾ ਇਕ-ਇਕ ਤੀਲ੍ਹਾ ਕੁਛ ਭੀ ਸਮਰੱਥਾ ਨਹੀਂ ਰੱਖਦਾ ਪਰੰਤੂ ਜਦ ਉਸ ਦੇ ਤਿਨਕਯਾਂ ਨੂੰ ਪਕੜ ਕੇ ਰੱਸਾ ਵੱਟ ਲਈਏ ਤਦ ਉਸ ਵਿਚ ਅਜੇਹੀ ਸਮਰੱਥਾ ਹੋ ਜਾਂਦੀ ਹੈ ਜੋ ਮੱਤੇ ਹੋਏ ਹਾਥੀ ਨੂੰ ਬੰਨ੍ਹ ਕੇ ਬਠਾਲ ਸਕਦੀ ਹੈ। ਇਸੀ ਪ੍ਰਕਾਰ ਕੌਮ ਦਾ ਇਕ-ਇਕ ਆਦਮੀ ਕੁਝ ਭੀ ਕਾਰਜ ਨਹੀਂ ਕਰ ਸਕਦਾ, ਪਰੰਤੂ ਓਹੀ ਜਦ ਮਿਲ ਕੇ ਇਕ ਹੋ ਜਾਂਦਾ ਹੈ ਤਦ ਵੱਡੀਆਂ-ਵੱਡੀਆਂ ਮੁਸ਼ਕਲ ਕਾਰਵਾਈਆਂ ਨੂੰ ਭੀ ਅਸਾਨ ਕਰਨੇ ਦੀ ਸਮਰੱਥਾ ਵਾਲਾ ਹੋ ਜਾਂਦਾ ਹੈ।" (ਸੰਪਾਦਕੀ ਨੋਟ, 'ਖ਼ਾਲਸਾ ਅਖ਼ਬਾਰ ਲਾਹੌਰ', ੩ ਅਪ੍ਰੈਲ ੧੮੯੬)

ਗਿਆਨੀ ਦਿੱਤ ਸਿੰਘ (੨੧ ਅਪ੍ਰੈਲ ੧੮੫੦-੬ ਸਤੰਬਰ ੧੯੦੧) ਹਫ਼ਤਾਵਾਰੀ 'ਖ਼ਾਲਸਾ ਅਖ਼ਬਾਰ ਲਾਹੌਰ' ਕੱਢਦੇ ਸਨ। ਉਨ੍ਹਾਂ ਦੀਆਂ ਸੰਪਾਦਕੀ ਟਿੱਪਣੀਆਂ 'ਚ ਹਮੇਸ਼ਾ ਪੰਥਕ ਏਕਤਾ ਅਤੇ ਚੜ੍ਹਦੀ ਕਲਾ ਦੀ ਹੀ ਤੀਬਰ ਤਾਂਘ ਹੁੰਦੀ ਸੀ। ਸਿੱਖ ਪੰਥ ਦੇ ਸਮਕਾਲੀ ਮਸਲਿਆਂ 'ਤੇ ਉਨ੍ਹਾਂ ਦੀਆਂ ਲਿਖੀਆਂ ਸੰਪਾਦਕੀ ਟਿੱਪਣੀਆਂ ਦੀ ਪ੍ਰਸੰਗਿਕਤਾ ਅੱਜ ਵੀ ਉਸੇ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ।

ਇੱਕੀਵੀਂ ਸਦੀ ਵਿਚ ਵਿਸ਼ਵ-ਵਿਆਪੀ ਸਿੱਖ ਪੰਥ ਆਪਣੀ ਨਿਆਰੀ ਤੇ ਨਿਰਾਲੀ ਹੋਂਦ-ਹਸਤੀ ਨੂੰ ਲੈ ਕੇ ਅਨੇਕਾਂ ਬਾਹਰੀ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਦੂਜੇ ਪਾਸੇ ਪੰਥ ਦੀ ਅੰਦਰੂਨੀ ਫ਼ੁੱਟ ਅਤੇ ਧੜ੍ਹੇਬੰਦੀਆਂ ਦੀਆਂ ਦਿਨੋਂ-ਦਿਨ ਤਿੱਖੀਆਂ ਹੋ ਰਹੀਆਂ ਲਕੀਰਾਂ ਪੰਥ ਨੂੰ ਬਾਹਰੀ ਹਾਲਾਤਾਂ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਬਣਾ ਰਹੀਆਂ ਹਨ। ਨਿੱਤ ਦਿਨ ਸਿੱਖਾਂ ਦੇ ਅੰਦਰ ਕੋਈ ਨਾ ਕੋਈ ਨਵਾਂ ਵਿਵਾਦ ਅਤੇ ਵਿਚਾਰਧਾਰਕ ਟਕਰਾਅ ਪੰਥ ਨੂੰ ਖੇਰੂੰ-ਖੇਰੂੰ ਕਰਨ ਦਾ ਬਾਨ੍ਹਣੂ ਬੰਨ੍ਹ ਰਿਹਾ ਹੈ। ਕਦੇ ਦਸਮ ਗ੍ਰੰਥ, ਕਦੇ ਨਾਨਕਸ਼ਾਹੀ ਕੈਲੰਡਰ, ਕਦੇ ਸਿੱਖ ਰਹਿਤ ਮਰਯਾਦਾ ਅਤੇ ਕਦੇ ਸਿੱਖ ਇਤਿਹਾਸ ਵਿਚ ਪਏ ਕਥਿਤ ਰਲੇਵੇਂ ਨੂੰ ਲੈ ਕੇ ਸਿੱਖਾਂ ਵਿਚ ਵਿਚਾਰਧਾਰਕ ਟਕਰਾਅ ਹੋ ਰਿਹਾ ਹੈ। ਕਈ ਵਾਰ ਦੇਸ਼-ਵਿਦੇਸ਼ਾਂ ਦੇ ਗੁਰਦੁਆਰਿਆਂ ਦੇ ਅੰਦਰ ਸਿੱਖਾਂ ਦੇ ਧੜ੍ਹਿਆਂ ਵਿਚਾਲੇ ਹਿੰਸਕ ਟਕਰਾਅ ਵੀ ਵਾਪਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਇਕ-ਦੂਜੇ ਦੀਆਂ ਦਸਤਾਰਾਂ ਲਾਹੁਣ, ਗਾਲੀ-ਗਲੋਚ ਅਤੇ ਕੁੱਟਮਾਰ ਨੂੰ ਰੋਕਣ ਲਈ ਜਦੋਂ ਵਿਦੇਸ਼ਾਂ ਵਿਚ ਪੁਲਿਸ ਜੁੱਤੀਆਂ ਸਣੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੁੰਦੀ ਹੈ ਤਾਂ ਆਪਣੇ ਜਾਗਤ-ਜੋਤਿ ਗੁਰੂ ਸਾਹਿਬ ਦੀ ਘੋਰ-ਬੇਅਦਬੀ ਅਤੇ ਉੱਚੀਆਂ-ਸੁੱਚੀਆਂ ਮਰਯਾਦਾਵਾਂ ਦੇ ਘਾਣ ਲਈ ਖ਼ੁਦ ਸਿੱਖ ਹੀ ਦੋਸ਼ੀ ਹੁੰਦੇ ਹਨ। ਇਹੋ ਜਿਹੇ ਦ੍ਰਿਸ਼ ਸੰਸਾਰ ਭਰ 'ਚ ਵੱਸਦੇ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਦੇ ਹਿਰਦੇ ਨੂੰ ਬੁਰੀ ਤਰ੍ਹਾਂ ਵਲੂੰਧਰ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸਿੱਖ ਪੰਥ ਦੀ ਸਥਾਪਨਾ ਲੋਕਾਈ ਨੂੰ ਜਬਰ-ਜ਼ੁਲਮ ਦੀ ਅੱਗ ਤੋਂ ਬਚਾਉਣ, ਅਧਰਮ ਦੇ ਚੁੰਗਲ ਵਿਚੋਂ ਕੱਢ ਕੇ ਧਰਮ-ਧੀਰਜ ਦੇ ਲੜ ਲਾਉਣ ਅਤੇ ਹੱਕ, ਸੱਚ ਦੀ ਆਵਾਜ਼ ਨੂੰ ਬੁਲੰਦ ਰੱਖਣ ਵਾਸਤੇ ਕੀਤੀ ਸੀ। ਪਿਛਲੇ ਲਗਭਗ ੫੫੦ ਸਾਲਾਂ ਦੌਰਾਨ ਗੁਰੂ ਪੰਥ ਨੇ ਹਮੇਸ਼ਾ ਸੱਚ ਦੀ ਬੁਲੰਦੀ ਅਤੇ ਕੂੜ-ਕੁਸੱਤ ਦੇ ਖ਼ਾਤਮੇ ਲਈ ਅਸਹਿ ਤੇ ਅਕਹਿ ਤਸੀਹੇ ਝੱਲੇ, ਸ਼ਹਾਦਤਾਂ ਦਿੱਤੀਆਂ, ਮਜ਼ਲੂਮਾਂ ਲਈ ਲੜਦਿਆਂ, ਚਰਖੜੀਆਂ 'ਤੇ ਚੜ੍ਹਦਿਆਂ ਤੇ ਤੱਤੀਆਂ ਤਵੀਆਂ

'ਤੇ ਬਲਦਿਆਂ ਵੀ ਸਦਾ ਚੜ੍ਹਦੀ ਕਲਾ ਦਾ ਪ੍ਰਗਟਾਵਾ ਕੀਤਾ, ਭਾਣਾ ਮੰਨਿਆ, ਸਰਬੱਤ ਦਾ ਭਲਾ ਮੰਗਿਆ ਅਤੇ ਗੁਰੂ ਸਾਹਿਬਾਨ ਦੇ ਪਵਿੱਤਰ ਕਾਰਜ ਨੂੰ ਅੱਗੇ ਵਧਾਇਆ ਹੈ।

ਗੁਰੂ ਸਾਹਿਬਾਨ ਨੇ ਆਪਣੇ 'ਸਿੱਖ' ਦੇ ਨਿੱਜੀ ਅਤੇ ਸਮਾਜਿਕ ਜੀਵਨ ਲਈ ਬੜੀਆਂ ਉੱਚੀਆਂ, ਆਦਰਸ਼ਕ, ਸੱਭਿਅਕ ਅਤੇ ਨੈਤਿਕ ਮਰਯਾਦਾਵਾਂ ਨਿਰਧਾਰਿਤ ਕੀਤੀਆਂ ਹਨ, ਜੋ ਕਿ ਗੁਰਬਾਣੀ, ਰਹਿਤਨਾਮਿਆਂ, ਗੁਰ ਇਤਿਹਾਸ ਅਤੇ ਹੋਰ ਸਿੱਖ ਸਰੋਤਾਂ ਵਿਚ ਅੰਕਿਤ ਹਨ। ਆਪਸੀ ਪ੍ਰੇਮ-ਪਿਆਰ, ਭਾਈਚਾਰੇ ਤੇ ਸਦਭਾਵਨਾ ਦੀ ਜਿੰਨੀ ਜ਼ੋਰਦਾਰ ਪ੍ਰੋੜ੍ਹਤਾ ਸਿੱਖ ਧਰਮ ਵਿਚ ਕੀਤੀ ਗਈ ਹੈ ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਫ਼ਲਸਫ਼ੇ ਵਿਚ ਹੋਵੇ। ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ: "ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥...॥੧੪॥" (ਪਉੜੀ, ਅੰਕ: ੬੪੮) ਗੁਰਮਤਿ ਵਿਚ ਗੁਰੂ ਦਾ ਆਪਣੇ ਸਿੱਖਾਂ ਨਾਲ ਮਿੱਤਰਾਂ, ਪੁੱਤਰਾਂ ਅਤੇ ਭਰਾਵਾਂ ਵਾਲਾ ਇਕ ਸਮਾਨ ਪਿਆਰ ਹੈ, ਉਸੇ ਤਰ੍ਹਾਂ ਹੀ ਸਿੱਖਾਂ ਤੋਂ ਵੀ ਆਪਸ ਵਿਚ ਪ੍ਰਸਪਰ ਪ੍ਰੇਮ-ਪਿਆਰ ਭਰਿਆ ਭਾਈਚਾਰਾ ਰੱਖਣ ਦੀ ਤਵੱਕੋ ਕੀਤੀ ਗਈ ਹੈ।

ਕੁਦਰਤ ਦੀ ਅਟੱਲ ਮੌਜ ਹੈ ਕਿ ਕਿਸੇ ਵੀ ਸਮਾਜ, ਪਰਿਵਾਰ, ਪੰਥ ਅਤੇ ਜਥੇਬੰਦੀ ਵਿਚ ਸਾਰੇ ਮਨੁੱਖਾਂ ਦੇ ਸੁਭਾਅ ਅਤੇ ਸੋਝੀ ਇਕ ਨਹੀਂ ਹੋ ਸਕਦੀ। ਪਰ 'ਗੁਰਮਤਿ' ਵਿਚ ਸਿੱਖਾਂ ਨੂੰ ਆਪਸੀ ਮਤਭੇਦ ਤੇ ਵਿਚਾਰਾਂ ਵਿਚ ਦੁਬਿਧਾ ਨੂੰ ਲੈ ਕੇ ਵਿਵਾਦਾਂ-ਤਕਰਾਰਾਂ ਵਿਚ ਪੈਣ ਦੀ ਆਗਿਆ ਨਹੀਂ ਦਿੱਤੀ ਗਈ, ਸਗੋਂ ਗੁਰੂ ਸਾਹਿਬ ਦਾ ਆਦੇਸ਼ ਹੈ: "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥" (ਬਸੰਤੁ ਮ. ੫ ਘਰੁ ੨ ਹਿੰਡੋਲ, ਅੰਕ: ੧੧੮੫) ਕਿਸੇ ਦੁਬਿਧਾ ਦੀ ਸੂਰਤ ਵਿਚ ਗੁਰੂ ਦੀ ਸ਼ਰਨ ਵਿਚ ਇਕੱਠਿਆਂ ਬੈਠ ਕੇ 'ਗੁਰੂ ਦੀ ਮਤਿ' ਦੀ ਰੌਸ਼ਨੀ 'ਚ ਮਨਾਂ ਦੇ ਮਤ-ਭੇਦ ਦੂਰ ਕਰਨ ਦੀ ਜੁਗਤੀ ਦੱਸੀ ਗਈ ਹੈ।

'ਗੁਰੂ ਦੀ ਮਤਿ' ਨੂੰ ਗ੍ਰਹਿਣ ਕਰਕੇ 'ਮਨ ਦੀ ਮਤਿ' ਦਾ ਤਿਆਗ ਕਰਨਾ ਹੀ 'ਗੁਰਸਿੱਖੀ ਦਾ ਪੈਂਡਾ' ਹੈ। ਪਾਵਨ ਗੁਰਵਾਕ ਹੈ: "ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥ ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥...॥੩॥" (ਸੂਹੀ ਮ. ੫ ਗੁਣਵੰਤੀ, ਅੰਕ: ੭੬੩)

ਇਕ ਸਿੱਖ ਦੇ ਅੱਗੇ ਹਮੇਸ਼ਾ ਹੀ ਗੁਰੂ ਦਾ ਆਦਰਸ਼ ਮੁੱਖ ਹੋਣਾ ਚਾਹੀਦਾ ਹੈ ਅਤੇ ਪੰਥ ਦੇ ਵਡੇਰੇ ਹਿੱਤਾਂ ਦੇ ਅੱਗੇ ਸਭ ਕੁਝ ਤੁਛ ਮਾਤਰ। ਸਾਡਾ ਗੁਰੂ ਆਦਰਸ਼ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਆਧਾਰਤ ਫ਼ਲਸਫ਼ਾ' ਹੈ, ਜੋ ਸਿੱਖ ਪੰਥ ਦੀ ਏਕਤਾ ਦਾ ਮੂਲ ਸੂਤਰ ਹੈ। ਜਦੋਂ ਸਿੱਖ ਦੀ ਟੇਕ ਹੀ "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥...॥੨॥" (ਮ.੩, ਅੰਕ: ੬੪੬) ਹੈ ਤਾਂ ਫਿਰ ਮਤਭੇਦ ਜਾਂ ਵਿਚਾਰਧਾਰਕ ਵਖਰੇਵੇਂ ਕਾਹਦੇ ?

ਜਦੋਂ ਤੱਕ ਸਿੱਖਾਂ ਨੇ ਗੁਰੂ ਆਦਰਸ਼ ਨੂੰ ਸਾਹਮਣੇ ਰੱਖਿਆ ਹੈ ਤਾਂ ਮਤਭੇਦਾਂ ਵਾਲੇ ਵਾਦ-ਵਿਵਾਦ ਅਤੇ ਵਿਚਾਰਧਾਰਕ ਟਕਰਾਅ ਵਾਲੀ ਸਥਿਤੀ ਨਹੀਂ ਉਪਜੀ। ਬਿਖੜੇ ਸਮਿਆਂ 'ਚ ਜੇਕਰ ਵਿਸ਼ੇਸ਼ ਹਾਲਾਤਾਂ ਵਿਚ ਜਥੇਬੰਦਕ ਪੱਧਰ 'ਤੇ ਮਾਮੂਲੀ ਮਤਭੇਦ ਹੋਏ ਵੀ ਤਾਂ ਗੁਰੂ ਫ਼ਲਸਫ਼ੇ ਨੂੰ ਕੇਂਦਰੀ ਧੁਰਾ ਮੰਨਦਿਆਂ ਸਿੱਖਾਂ ਨੇ ਆਪਸ ਵਿਚ ਮਿਲ ਬੈਠ ਕੇ ਮਸਲਿਆਂ ਨੂੰ ਸੁਲਝਾ ਲਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ 'ਬੰਦਈ ਖ਼ਾਲਸਾ' ਅਤੇ 'ਤੱਤ ਖ਼ਾਲਸਾ' ਵਿਚਾਲੇ ਮਤਭੇਦ ਨੂੰ ਭਾਈ ਮਨੀ ਸਿੰਘ ਜੀ ਵਲੋਂ ਆਪਣੀ ਬੌਧਿਕ ਸੂਝ-ਬੂਝ ਅਤੇ ਸਿਆਣਪ ਨਾਲ ਦੂਰ ਕਰਨਾ ਇਸ ਦੀ ਉਘੜਵੀਂ ਮਿਸਾਲ ਹੈ।

ਜਿੱਥੋਂ ਤੱਕ ਸਿੱਖ ਪੰਥ 'ਚ ਅਜੋਕੇ ਵਾਦ-ਵਿਵਾਦਾਂ ਦੀ ਗੱਲ ਹੈ ਤਾਂ ਇਸ ਵੇਲੇ ਸਭ ਤੋਂ ਵੱਡਾ ਵਿਵਾਦ 'ਦਸਮ ਗ੍ਰੰਥ' ਨੂੰ ਲੈ ਕੇ ਖੜ੍ਹਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਮੁੱਚਾ ਪੰਥ ਬਹੁਤ ਬੁਰੀ ਤਰ੍ਹਾਂ ਧੜਿਆਂ ਵਿਚ ਵੰਡਿਆ ਹੋਇਆ ਹੈ। ਇਸ ਵਿਵਾਦ ਕਾਰਨ ਦੇਸ਼-ਵਿਦੇਸ਼ਾਂ 'ਚ ਗੁਰਦੁਆਰਿਆਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਹੀ ਸਿੱਖਾਂ ਵਿਚਾਲੇ ਹਿੰਸਕ ਟਕਰਾਅ ਵਰਗੇ ਦੁਖਦਾਈ ਘਟਨਾਕ੍ਰਮ ਵੀ ਵਾਪਰ ਰਹੇ ਹਨ। 'ਦਸਮ ਗ੍ਰੰਥ' ਦੇ ਮੁੱਦੇ 'ਤੇ ਸਿੱਖ ਪੰਥ ਵਿਚ ਮੁੱਖ ਰੂਪ ਵਿਚ ਤਿੰਨ ਧੜੇ ਬਣ ਚੁੱਕੇ ਹਨ; ਪਹਿਲਾ, ਸੰਪੂਰਨ 'ਦਸਮ ਗ੍ਰੰਥ' ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਮੰਨਣ ਵਾਲਾ, ਦੂਜਾ, ਦਸਮ ਗ੍ਰੰਥ ਵਿਚ 'ਤ੍ਰਿਆ ਚਰਿਤਰੋ ਪਖਿਆਨ' ਰਚਨਾ ਤੇ ਕੁਝ ਕੁ ਹੋਰ ਹਿੱਸੇ ਨੂੰ ਛੱਡ ਕੇ ਬਾਕੀ ਰਚਨਾਵਾਂ ਨੂੰ ਗੁਰੂ-ਕ੍ਰਿਤ ਮੰਨਣ ਵਾਲਾ ਅਤੇ ਤੀਜਾ ਧੜਾ, ਸਾਰੇ ਦਸਮ ਗ੍ਰੰਥ (ਸਮੇਤ ਸਿੱਖ ਰਹਿਤ ਮਰਯਾਦਾ ਦੁਆਰਾ ਪ੍ਰਮਾਣਿਤ ਅਤੇ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਵਿਚ ਸ਼ਾਮਲ ਤਿੰਨ ਬਾਣੀਆਂ ਦੇ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਣ ਤੋਂ ਇਨਕਾਰੀ। 'ਦਸਮ ਗ੍ਰੰਥ' ਨੂੰ ਲੈ ਕੇ ਪੰਥ ਵਿਚ ਇਕ ਹਿੱਸੇ ਵਲੋਂ ਚਿਰਾਂ ਤੋਂ ਵਿਵਾਦ ਕੀਤਾ ਜਾਂਦਾ ਰਿਹਾ ਹੈ, ਹਾਲਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਹੁਤ ਦੇਰ ਪਹਿਲਾਂ ਹੀ 'ਦਸਮ ਗ੍ਰੰਥ' ਵਿਚਲੀਆਂ ਪੰਥ ਪ੍ਰਚਲਿਤ ਪ੍ਰਵਾਨਿਤ ਪਾਵਨ ਰਚਨਾਵਾਂ ਬਾਰੇ ਨਿਰਣਾ ਲੈਂਦਿਆਂ, ਸੰਪੂਰਨ 'ਦਸਮ ਗ੍ਰੰਥ' ਮੁੱਦੇ 'ਤੇ ਸਮੁੱਚੇ ਪੰਥ ਦੀ ਇਕ ਰਾਇ ਬਣਨ ਤੱਕ, 'ਹੱਕ' ਜਾਂ 'ਵਿਰੋਧ' ਵਿਚ ਕੋਈ ਵੀ ਵਾਦ-ਵਿਵਾਦ ਨਾ ਕਰਨ ਦਾ ਆਦੇਸ਼ ਹੋ ਚੁੱਕਾ ਹੈ।

ਦਰਅਸਲ 'ਦਸਮ ਗ੍ਰੰਥ' ਦਾ ਮੁੱਦਾ ਵਿਦਵਾਨਾਂ, ਬੁੱਧੀਜੀਵੀਆਂ ਅਤੇ ਕੌਮ ਦੇ ਚੇਤੰਨ ਬੁੱਧੀ, ਉੱਚ ਅਧਿਆਤਮਕ ਜੀਵਨ ਵਾਲੀਆਂ ਸ਼ਖ਼ਸੀਅਤਾਂ ਦੀ ਵਿਚਾਰ-ਵਟਾਂਦਰੇ ਤੇ ਨਿਰਣੇ ਦੇ ਪੱਧਰ ਦਾ ਮਸਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਕਸਵੱਟੀ ਬਣਾ ਕੇ ਇਸ ਵਿਵਾਦ ਦਾ ਨਿਤਾਰਾ ਹੋਣਾ ਸੰਭਵ ਹੈ। ਗੁਰਦੁਆਰਿਆਂ ਦੀਆਂ ਸਟੇਜਾਂ, ਹੋਰ ਜਨਤਕ ਮੰਚਾਂ ਅਤੇ ਸੋਸ਼ਲ ਮੀਡੀਆ 'ਤੇ ਇਸ ਮੁੱਦੇ 'ਤੇ ਗੈਰ-ਸੰਜੀਦਾ ਬਹਿਸਬਾਜ਼ੀ ਪੰਥਕ ਹਿੱਤਾਂ ਵਿਚ ਨਹੀਂ ਹੈ। ਅਹਿਮ ਪਹਿਲੂ ਇਹ ਹੈ ਕਿ ੯੦ ਫ਼ੀਸਦੀ ਤੋਂ ਵੱਧ ਸਿੱਖਾਂ ਨੇ ਨਾ ਤਾਂ ਸੰਪੂਰਨ 'ਦਸਮ ਗ੍ਰੰਥ' ਪੜ੍ਹਿਆ ਅਤੇ ਨਾ ਹੀ ਇਸ ਦੀ 'ਸੰਪਾਦਨਾ' ਦੇ ਨਾਲ ਜੁੜੇ ਇਤਿਹਾਸਕ ਪਿਛੋਕੜ ਬਾਰੇ ਜਾਣਕਾਰੀ ਹੈ ਪਰ ਇਸ ਮੁੱਦੇ 'ਤੇ ਵਾਦ-ਵਿਵਾਦ ਕਰਨ ਵੇਲੇ ਸਾਰੇ ਇਕ-ਦੂਜੇ ਤੋਂ ਅੱਗੇ ਹੁੰਦੇ ਹਨ।

ਇਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਨੇ ਪਿਛਲੇ ਦੋ ਦਹਾਕਿਆਂ 'ਚ ਸਿੱਖ ਪੰਥ ਨੂੰ ਬੁਰੀ ਤਰ੍ਹਾਂ ਦੋ ਧੜਿਆਂ ਵਿਚ ਵੰਡ ਦਿੱਤਾ ਹੈ। ਵਾਜਬੀਅਤ ਇਸ ਵਿਚ ਹੈ ਕਿ ਸਿੱਖ ਪੰਥ ਦੇ ਤਿਓਹਾਰਾਂ, ਗੁਰਪੁਰਬਾਂ ਅਤੇ ਪਾਵਨ ਦਿਹਾੜਿਆਂ ਦੀਆਂ ਤਾਰੀਖ਼ਾਂ ਯੋਗ ਵਿਧੀ ਰਾਹੀਂ ਨਿਯਤ ਜ਼ਰੂਰ ਹੋਣ ਪਰ ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਆਪਸ 'ਚ ਵਾਦ-ਵਿਵਾਦ ਕਰਨੇ ਵੀ ਯੋਗ ਨਹੀਂ ਹਨ। ਇਕ ਧਾਰਨਾ ਪ੍ਰਚਲਿਤ ਹੈ ਕਿ ਸਿੱਖਾਂ ਨੇ ਇਤਿਹਾਸ ਰਚਿਆ ਤਾਂ ਲਾਸਾਨੀ ਪੱਧਰ ਦਾ ਹੈ ਪਰ ਆਪਣਾ ਇਤਿਹਾਸ ਸੰਭਾਲ ਨਹੀਂ ਸਕੇ। ਅਨਮਤੀ ਅਤੇ ਵਿਰੋਧੀ ਇਤਿਹਾਸਕਾਰਾਂ ਵਲੋਂ ਲਿਖੇ ਸਿੱਖ ਇਤਿਹਾਸ 'ਚ ਕਈ ਪ੍ਰਕਾਰ ਦੇ ਭਰਮ-ਭੁਲੇਖੇ ਅਤੇ ਰਲੇਵੇਂ ਹੋਣ ਦੇ ਸ਼ੰਕੇ ਹਨ। ਸੋਝੀ ਵਾਲੇ ਸਿੱਖ ਇਤਿਹਾਸਕਾਰਾਂ ਦੁਆਰਾ ਗੁਰਮਤਿ ਦੀ ਕਸਵੱਟੀ ਅਨੁਸਾਰ ਸਿੱਖ ਇਤਿਹਾਸ ਦਾ ਸੋਧਿਆ ਹੋਇਆ ਇਕ ਸਰਬ-ਪ੍ਰਵਾਨਿਤ ਸਿੱਕੇਬੰਦ ਇਤਿਹਾਸਕ ਖਰੜਾ ਤਿਆਰ ਕੀਤਾ ਜਾਣਾ ਚਾਹੀਦਾ ਹੈ। ਪਰ ਸਿੱਖ ਇਤਿਹਾਸ ਸਬੰਧੀ ਵੱਖ-ਵੱਖ ਇਤਿਹਾਸਕਾਰਾਂ ਦੇ ਦਿੱਤੇ ਤੱਥਾਂ ਨੂੰ ਲੈ ਕੇ ਵੀ ਆਪਸ 'ਚ ਵਾਦ-ਵਿਵਾਦ ਕਰਦਿਆਂ ਟਕਰਾਅ ਵਾਲੀ ਹਾਲਤ ਪੈਦਾ ਕਰਨੀ ਪੰਥ ਦੇ ਵਡੇਰੇ ਹਿੱਤਾਂ ਦੇ ਉਲਟ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ, ਪੰਥ ਲਈ "ਅਨੇਕ ਹੈਂ॥ ਫਿਰ ਏਕ ਹੈਂ॥" ਦਾ ਘੱਟੋ-ਘੱਟ ਸਾਂਝਾ ਆਧਾਰ ਬਣ ਸਕਦੀ ਹੈ। ਜਥੇਬੰਦੀਆਂ ਵਿਚ ਵੱਖੋ-ਵੱਖਰੀਆਂ ਮਰਯਾਦਾਵਾਂ ਨੂੰ ਲੈ ਕੇ ਵਿਵਾਦ ਖੜ੍ਹੇ ਕਰਨੇ ਵੀ ਪੰਥਕ ਇਤਫ਼ਾਕ ਨੂੰ ਖੇਰੂੰ-ਖੇਰੂੰ ਕਰਨ ਦਾ ਬਾਨ੍ਹਣੂ ਬੰਨ੍ਹਦੇ ਹਨ, ਜੋ ਅਜੋਕੇ ਸਮੇਂ ਸਿੱਖ ਪੰਥ ਲਈ ਬੇਹੱਦ ਨੁਕਸਾਨਦੇਹ ਹੈ। ਕਿਉਂਕਿ ਅੱਜ ਸਿੱਖ ਪੰਥ ਦੀ ਹਾਲਤ ਬਹੁਤ ਸੰਕਟਮਈ ਹੈ। ਕੌਮਾਂਤਰੀ ਪੱਧਰ 'ਤੇ ਅਸੀਂ ਅੱਜ ਆਪਣੀ ਵੱਖਰੀ ਪਛਾਣ ਅਤੇ ਹੋਂਦ ਸਥਾਪਿਤ

ਕਰਨ ਲਈ ਜੂਝ ਰਹੇ ਹਾਂ। ਵਿਸ਼ਵ ਭਾਈਚਾਰੇ ਨੂੰ ਆਪਣੇ ਵਿਲੱਖਣ ਅਤੇ ਸਰਬ-ਕਲਿਆਣਕਾਰੀ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਦੀ ਚੁਣੌਤੀ ਸਾਡੇ ਸਾਹਮਣੇ ਦਰਕਾਰ ਹੈ। ੮੦ ਫ਼ੀਸਦੀ ਸਿੱਖ ਨੌਜਵਾਨ ਪਤਿਤਪੁਣੇ ਦਾ ਸ਼ਿਕਾਰ ਹਨ। ਸਿੱਖ ਨੌਜਵਾਨਾਂ 'ਚ ਪੰਥਕ ਜਜ਼ਬਾ ਤਾਂ ਹੈ ਪਰ ਉਨ੍ਹਾਂ ਨੂੰ ਕੋਈ 'ਮਾਰਗ ਦਰਸ਼ਕ' ਨਹੀਂ ਵਿਖਾਈ ਦੇ ਰਿਹਾ, ਜਿਸ ਕਾਰਨ ਉਹ ਸਿੱਖੀ ਦੀ ਮੁੱਖ ਧਾਰਾ ਤੋਂ ਦੂਰ ਜਾ ਰਹੇ ਹਨ। ਵਿਸ਼ਵ ਦੀਆਂ ਕੌਮਾਂ ਦੇ ਮੁਕਾਬਲੇ ਸਿੱਖਾਂ ਦਾ ਸਮੂਹਿਕ ਸਿੱਖਿਆ ਦਾ ਪੱਧਰ ਕਿਤੇ ਵੀ ਮੁਕਾਬਲੇ 'ਚ ਨਹੀਂ ਖੜ੍ਹਦਾ। ੬੦ ਫ਼ੀਸਦੀ ਪੰਜਾਬ ਦੇ ਸਿੱਖ ਨੌਜਵਾਨ ਸਿੱਖਿਆ ਦੇ ਮੈਟ੍ਰਿਕ ਪੱਧਰ ਤੋਂ ਅੱਗੇ ਨਹੀਂ ਵੱਧ ਰਹੇ। ਕਾਲਜ, ਯੂਨੀਵਰਸਿਟੀਆਂ ਅਤੇ ਵਿਸ਼ਵ ਸਿੱਖਿਆ ਸੰਸਥਾਵਾਂ 'ਚ ਸਿੱਖ ਵਿਦਿਆਰਥੀਆਂ ਦੀ ਕੋਈ ਜ਼ਿਕਰਯੋਗ ਹੋਂਦ ਨਹੀਂ ਹੈ।

ਸਿਹਤ ਪੱਖੋਂ ਸਿੱਖ ਹੋਂਦ ਬੇਹੱਦ ਚਿੰਤਾਜਨਕ ਹੈ। ਪੰਜਾਬ 'ਚ ਇਸ ਵੇਲੇ ਅਣਦਿਸਦੀ ਨਸਲਕੁਸ਼ੀ ਚੱਲ ਰਹੀ ਹੈ। ਪੰਜਾਬ ਜ਼ਹਿਰ ਉਗਾ ਰਿਹਾ ਹੈ ਤੇ ਮੌਤ ਵੰਡ ਰਿਹਾ ਹੈ। ਦੇਸ਼ ਦੀ ਕੁੱਲ ਭੋਂਇ ਦਾ ਮਹਿਜ਼ ਸਵਾ ਫ਼ੀਸਦੀ ਹਿੱਸਾ ਪੰਜਾਬ 'ਚ, ਮੁਲਕ 'ਚ ਵਰਤੀਆਂ ਜਾਂਦੀਆਂ ਕੁੱਲ ਕੀਟਨਾਸ਼ਕ ਜ਼ਹਿਰਾਂ ਦਾ ੧੯ ਫ਼ੀਸਦੀ ਵਰਤਿਆ ਜਾ ਰਿਹਾ ਹੈ। ਵਾਤਾਵਰਨ, ਜਲਵਾਯੂ ਅਤੇ ਅੰਨ੍ਹ-ਪਾਣੀ 'ਚ ਜ਼ਹਿਰੀਲੇ ਤੱਤਾਂ ਦੀ ਬਹੁਤਾਤ ਹੋਣ ਕਾਰਨ ਪੰਜਾਬ 'ਚ ਸਬਜ਼ੀਆਂ, ਫਲ, ਦੁੱਧ, ਪਾਣੀ ਅਤੇ ਹਵਾ ਵੀ ਜ਼ਹਿਰੀਲੀ ਹੋ ਗਈ ਹੈ। ਨਤੀਜਨ ਦਿਲ ਦੇ ਰੋਗ, ਕੈਂਸਰ, ਅਧਰੰਗ, ਅਪੰਗਤਾ, ਕੋਹੜ, ਦਮਾ, ਸ਼ੂਗਰ, ਬਲੱਡ-ਪ੍ਰੈਸ਼ਰ, ਫੇਫੜਿਆਂ ਦਾ ਖ਼ਰਾਬ ਹੋਣਾ, ਬਾਂਝਪਣ, ਨਾਮਰਦੀ ਅਤੇ ਅਨੇਕਾਂ ਪ੍ਰਕਾਰ ਦੇ ਹੋਰ ਗੰਭੀਰ ਲਾਇਲਾਜ ਰੋਗਾਂ ਨੇ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਘੇਰ ਲਿਆ ਹੈ। ਇਕੱਲੇ ਕੈਂਸਰ ਕਾਰਨ ਹੀ ਪੰਜਾਬ 'ਚ ਰੋਜ਼ਾਨਾ ੪੩ ਸਿਵੇ ਇਕੋ ਵੇਲੇ ਬਲ ਰਹੇ ਹਨ। ਦੁਨੀਆ 'ਚ ਆਪਣੀ ਸੂਰਬੀਰਤਾ, ਸਰੂ ਵਰਗੇ ਉੱਚੇ-ਲੰਮੇ, ਡੀਲ-ਡੌਲ ਜੁੱਸਿਆਂ, ਮਰਦਾਨਗੀ ਤੇ ਇਖ਼ਲਾਕ ਕਰਕੇ ਲੋਹਾ ਮੰਨਵਾਉਣ ਵਾਲੇ ਪੰਜਾਬੀ ਹੁਣ ਬੱਚੇ ਜੰਮਣ ਤੋਂ ਵੀ ਆਹਰੀ ਹੋ ਰਹੇ ਹਨ। ਸਿਹਤ ਮਾਹਰ ਚਿਤਾਵਨੀਆਂ ਦੇ ਰਹੇ ਹਨ ਕਿ ਪੰਜਾਬੀਆਂ ਦਾ ਸਪਰਮ ਕਾਊਂਟ ੬੦ ਮਿਲੀਅਨ ਤੋਂ ਘੱਟ ਕੇ ਸਿਰਫ਼ ੧੫ ਮਿਲੀਅਨ ਰਹਿ ਗਿਆ ਹੈ। ਜੇ ਇਹੀ ਹਾਲਤ ਰਹੀ ਤਾਂ ਆਉਂਦੇ ੨੦ ਸਾਲਾਂ ਨੂੰ ਪੰਜਾਬ 'ਚ 'ਹਿਜੜੇ' ਜੰਮਣਗੇ। ਪੰਜ ਦਰਿਆਵਾਂ ਦੇ ਅੰਮ੍ਰਿਤ ਵਰਗੇ ਪਾਣੀ 'ਚ ਹੁਣ ਜ਼ਹਿਰ ਘੁਲ੍ਹ ਚੁੱਕਾ ਹੈ। ੭੫ ਫ਼ੀਸਦੀ ਪਾਣੀ ਪੀਣਯੋਗ ਨਹੀਂ ਰਿਹਾ। ਪੰਜਾਬ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ। ਦੁਨੀਆ ਦੇ ਕੁੱਲ ੩ ਕਰੋੜ ਸਿੱਖਾਂ ਵਿਚੋਂ ਜੇਕਰ ਘੱਟੋ-ਘੱਟ ੫੦ ਫ਼ੀਸਦੀ ਸਿੱਖ ਵੀ ਪੰਜਾਬ 'ਚ ਵੱਸਦੇ ਹਨ ਤਾਂ ਡੇਢ ਕਰੋੜ ਸਿੱਖ ਸਿੱਧੇ-ਸਿੱਧੇ ਇਸ ਵੇਲੇ ਅਣਦਿਸਦੀ ਨਸਲਕੁਸ਼ੀ ਦੀ ਭੇਟ ਚੜ੍ਹ ਰਹੇ ਹਨ। ਕੀ ਇਹ ਇਸ ਵੇਲੇ 'ਸਿੱਖ' ਹੋਂਦ ਦਾ ਸਭ ਤੋਂ ਚਿੰਤਾਜਨਕ ਅਤੇ ਗੰਭੀਰ ਮੁੱਦਾ ਨਹੀਂ ? ਇਨ੍ਹਾਂ ਭਾਰੀ ਫ਼ਿਕਰਾਂ ਨੂੰ ਅਣਦੇਖਿਆਂ ਕਰਕੇ, ਆਪਸੀ ਵਾਦ-ਵਿਵਾਦਾਂ ਵਿਚ ਪੰਥ ਦੀ ਸਾਰੀ ਊਰਜਾ ਨਾਕਾਰਾਤਮਕ ਪਾਸੇ ਨਸ਼ਟ ਕੀਤੀ ਜਾ ਰਹੀ ਹੈ ਅਤੇ ਪੰਥਕ ਇਤਫ਼ਾਕ ਤੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਦੇ ਅਮਲੀ ਪ੍ਰਚਾਰ-ਪ੍ਰਸਾਰ ਦੇ ਬਹੁਪੱਖੀ ਸਾਕਾਰਾਤਮਕ ਕਾਰਜ ਕਰਨ 'ਚ ਲੀਡਰਸ਼ਿਪ ਨਾਕਾਮ ਸਿੱਧ ਹੋ ਰਹੀ ਹੈ।

ਜਿੱਥੋਂ ਤੱਕ ਵਿਚਾਰਧਾਰਕ ਮਤਭੇਦਾਂ ਦੀ ਗੱਲ ਹੈ, ਤਾਂ ਇਹ ਮਤਭੇਦ ਹਰੇਕ ਧਰਮ ਅਤੇ ਮਤ ਵਿਚ ਹੁੰਦੇ ਆਏ ਹਨ। ਹਿੰਦੂ ਧਰਮ ਦੇ ਅਨੇਕਾਂ ਧਾਰਮਕ ਗ੍ਰੰਥ ਹਨ ਜਿਵੇਂ ਕਿ; ੪ ਵੇਦ, ੬ ਸ਼ਾਸਤ੍ਰ, ੧੮ ਪੁਰਾਨ, ੨੭ ਸਿਮ੍ਰਿਤੀਆਂ, ੫੨ ਉਪਨਿਸ਼ਦ, ਰਾਮਾਇਣ ਅਤੇ ਗੀਤਾ ਆਦਿ। ਇਨ੍ਹਾਂ ਗ੍ਰੰਥਾਂ ਨੂੰ ਮੰਨਣ ਵਾਲੇ ਵੱਖੋ-ਵੱਖਰੇ ਅਨੇਕਾਂ ਫ਼ਿਰਕੇ ਹਨ, ਜਿਵੇਂ ਕਿ ਸ਼ਿਵ ਨੂੰ ਮੰਨਣ ਵਾਲੇ ਸ਼ੈਵ, ਵਿਸ਼ਨੂੰ ਨੂੰ ਮੰਨਣ ਵਾਲੇ ਵੈਸ਼ਨਵ ਅਤੇ ਮੂਰਤੀ ਪੂਜਾ ਨੂੰ ਨਾ ਮੰਨਣ ਵਾਲੇ ਆਰੀਆ ਸਮਾਜੀ ਆਦਿ। ਇਨ੍ਹਾਂ ਫ਼ਿਰਕਿਆਂ ਦੀ ਮਰਯਾਦਾ ਅਤੇ ਰਹਿਤ ਵਿਚ ਬਹੁਤ ਫ਼ਰਕ ਹਨ ਪਰ ਫੇਰ ਵੀ ਇਹ ਸਾਰੇ ਹੀ ੪ ਵੇਦਾਂ ਦੀ ਸਰਬਉੱਚਤਾ ਨੂੰ ਮੰਨਦੇ ਹਨ। ਇਸਾਈ ਮਤ ਦੇ ਸੰਨ ੧੯੦੦ ਵਿਚ ੧੬੦੦ ਫ਼ਿਰਕੇ ਸਨ ਪਰ ਹੁਣ ਦੇ ਅੰਦਾਜ਼ੇ ਮੁਤਾਬਕ ੨੦,੦੦੦ ਤੋਂ ਵੱਧ ਫ਼ਿਰਕੇ ਹਨ। ਇਨ੍ਹਾਂ ਵਿਚ ਅਨੇਕਾਂ ਛੋਟੇ-ਵੱਡੇ ਫ਼ਰਕ ਹਨ ਪਰ ਇਹ ਸਭ ਈਸਾ ਮਸੀਹ ਨੂੰ ਆਪਣਾ ਮਸੀਹਾ (ਸੇਵੀਅਰ) ਮੰਨਦੇ ਹਨ ਅਤੇ ਬਾਈਬਲ ਦੀ ਮਾਨਤਾ 'ਤੇ ਇਹ ਉਂਟੰਕਣ ਨਹੀਂ ਕਰਦੇ ਹਾਲਾਂਕਿ ਬਾਈਬਲ ਦੇ ਅਰਥਾਂ ਵਿਚ ਮਤਭੇਦ ਜ਼ਰੂਰ ਹਨ। ਆਪਣੇ ਧਰਮ ਦੇ ਦਿਨ-ਦਿਹਾੜੇ ਮਨਾਉਣ ਨੂੰ ਲੈ ਕੇ ਇਸਾਈਆਂ 'ਚ ਵੀ ਮਤਭੇਦ ਹਨ, ਜਿਵੇਂ ਕਿ ਬਹੁਤੇ ਇਸਾਈ ੨੫ ਦਸੰਬਰ ਨੂੰ ਕ੍ਰਿਸਮਿਸ ਮਨਾਉਂਦੇ ਹਨ ਪਰ ਕਰੋੜਾਂ ਇਸਾਈ ਜੋ ਕਿ ਰੂਸ, ਯੂਕਰੇਨ, ਇਥੋਪੀਆ ਆਦਿ ਦੇਸ਼ਾਂ ਦੇ ਵਾਸੀ ਹਨ, ਇਹ ਦਿਨ ੭ ਜਨਵਰੀ ਨੂੰ ਮਨਾਉਂਦੇ ਹਨ ਕਿਉਂਕਿ ਉਹ ਹਾਲੇ ਵੀ ਜੂਲੀਅਨ ਕੈਲੰਡਰ ਨੂੰ ਮੰਨਦੇ ਹਨ ਅਤੇ ਗਰੈਗੋਰੀਅਨ ਕੈਲੰਡਰ ਨੂੰ ਮਾਨਤਾ ਨਹੀਂ ਦਿੰਦੇ। ਪਰ ਕਦੇ ਇਸਾਈ ਧਰਮ 'ਚ ਕ੍ਰਿਸਮਿਸ ਦਿਹਾੜਾ ਮਨਾਉਣ ਨੂੰ ਲੈ ਕੇ ਵਾਦ-ਵਿਵਾਦ ਜਗ-ਹਸਾਈ ਦਾ ਕਾਰਨ ਬਣਦਾ ਨਹੀਂ ਦੇਖਿਆ-ਸੁਣਿਆ। ਫੇਰ ਸਾਡੇ ਸਿੱਖਾਂ ਅੰਦਰ ਹੀ ਕੈਲੰਡਰਾਂ ਦੇ ਵਾਦ-ਵਿਵਾਦ ਅਤੇ ਖਾਨਾਜੰਗੀ ਕਿਉਂ ਹੁੰਦੀ ਹੈ ?

ਵਿਚਾਰਧਾਰਕ ਮਤਭੇਦਾਂ ਨੂੰ ਲੈ ਕੇ ਆਪਸੀ ਖਾਨਾਜੰਗੀ ਕਰਨ ਲੱਗਿਆਂ ਸਾਨੂੰ ਇਹ ਕਿਉਂ ਯਾਦ ਨਹੀਂ ਆਉਂਦਾ ਕਿ ਅਸੀਂ ਉਸ ਭਾਈ ਘਨੱਈਆ ਜੀ ਦੇ ਵਾਰਸ ਹਾਂ, ਜਿਨ੍ਹਾਂ ਨੇ ਜੰਗ ਦੇ ਮੈਦਾਨ 'ਚ ਫ਼ੱਟੜ ਦੁਸ਼ਮਣ ਸਿਪਾਹੀਆਂ ਨੂੰ ਵੀ ਬਿਨਾਂ ਵਿਤਕਰੇ ਤੋਂ ਪਾਣੀ ਪਿਲਾਇਆ ਅਤੇ ਮਲ੍ਹਮ-ਪੱਟੀ ਕੀਤੀ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਆਦਰਸ਼ ਸਾਨੂੰ ਕਿੱਥੇ ਵਿਸਰ ਗਿਆ ਹੈ, ਜਿਨ੍ਹਾਂ ਨੇ ਉਲਟ ਵਿਚਾਰਾਂ ਦੀ ਰੱਖਿਆ ਲਈ ਵੀ ਸੀਸ ਵਾਰ ਦਿੱਤਾ ਸੀ। ਜੇਕਰ ਅਸੀਂ ਸਾਰੇ ਇਕ ਗੁਰੂ ਦੇ ਸਿੱਖ ਹਾਂ, ਸਾਡਾ ਇਸ਼ਟ ਇਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹੈ, ਸਾਡਾ ਅਕੀਦਾ ਇਕੋ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ' ਹੈ, ਸਾਡਾ ਨਿਸ਼ਾਨ ਇਕ ਹੈ, ਸਾਡਾ ਜੈਕਾਰਾ ਇਕ ਹੈ, ਸਾਡੀ ਬੋਲੀ 'ਗੁਰਮੁਖੀ' ਇਕ ਹੈ, ਅਤੇ ਫਿਰ ਵੀ ਅਸੀਂ ਏਨੀ ਬੁਰੀ ਤਰ੍ਹਾਂ ਧੜਿਆਂ ਅਤੇ ਨਫ਼ਰਤਾਂ ਵਿਚ ਕਿਉਂ ਵੰਡੇ ਹੋਏ ਹਾਂ ਕਿ ਗੁਰੂ ਦੀ ਸ਼ਰਨ (ਗੁਰਦੁਆਰਿਆਂ) ਵਿਚ ਵੀ ਇਕੱਠੇ ਇਤਫ਼ਾਕ ਨਾਲ ਨਹੀਂ ਬੈਠ ਸਕਦੇ ?

ਆਪਸੀ ਵਾਦ-ਵਿਵਾਦਾਂ ਕਾਰਨ ਕਮਜ਼ੋਰ ਹੋ ਰਹੇ ਪੰਥ ਲਈ, ਸਿੱਖ ਵਿਰੋਧੀ ਤਾਕਤਾਂ ਨੂੰ ਦੋਸ਼ ਦੇਣ ਤੋਂ ਪਹਿਲਾਂ ਅਸੀਂ ਇਨ੍ਹਾਂ ਵਾਦ-ਵਿਵਾਦਾਂ ਲਈ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਤੈਅ ਕਰਦੇ ? ਕੀ ਅਸੀਂ ਗੁਰੂ ਦੁਆਰਾ ਬਖ਼ਸ਼ੀ 'ਵਿਵੇਕ ਬੁੱਧੀ' ਨਾਲ ਸਿੱਖ ਵਿਰੋਧੀ ਤਾਕਤਾਂ ਦੇ ਸ਼ਿਕਾਰ ਹੋਣ ਤੋਂ ਬਚ ਨਹੀਂ ਸਕਦੇ ? ਅਜੋਕੇ ਸਿੱਖ ਪੰਥ ਦੇ ਹਾਲਾਤਾਂ ਦੇ ਮੱਦੇਨਜ਼ਰ ਇੱਥੇ ਮੁੜ 'ਦਿਸਹੱਦਿਆਂ ਤੋਂ ਪਾਰ ਵੇਖਣ ਵਾਲੇ' ਗਿਆਨੀ ਦਿੱਤ ਸਿੰਘ ਦੀ ਨਸੀਹਤ ਯਾਦ ਆਉਂਦੀ ਹੈ, ਜਿਸ ਵਿਚ ਉਹ 'ਜ਼ਾਤੀ ਦੇ ਵੈਰ ਦਾ ਫਲ' ਸਿਰਲੇਖ ਵਾਲੀ ਸੰਪਾਦਕੀ ਵਿਚ, ਖਾਨਾਜੰਗੀ ਨਾਲ ਤਬਾਹ ਹੋਈਆਂ ਕੌਮਾਂ ਦਾ ਹਸ਼ਰ ਇਕ ਲੋਕ ਕਹਾਣੀ ਜ਼ਰੀਏ ਦੱਸਦੇ ਹਨ, "ਇਕ ਰੁੱਖ ਨੇ ਸਾਥੀ ਰੁੱਖਾਂ ਨੂੰ ਖ਼ਬਰ ਦਿੱਤੀ ਕਿ ਉਨ੍ਹਾਂ ਦੀ ਹੁਣ ਖ਼ੈਰ ਨਹੀਂ ਕਿਉਂਕਿ ਕੁਹਾੜਿਆਂ ਦੇ ਭਰੇ ਗੱਡੇ ਜੰਗਲ ਵਿਚ ਆ ਰਹੇ ਹਨ। ਦੂਜੇ ਰੁੱਖਾਂ ਨੇ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ ਕਿ ਉਹ ਰੱਤੀ ਭਰ ਫ਼ਿਕਰ ਨਾ ਕਰੇ ਕਿਉਂਕਿ ਉਨ੍ਹਾਂ ਦੇ ਆਪਸੀ ਮਿਲਾਪ ਕਾਰਨ ਕੁਹਾੜਿਆਂ ਦੀ ਇਕ ਨਹੀਂ ਚੱਲਣ ਵਾਲੀ। ਪਰ ਪਹਿਲੇ ਰੁੱਖ ਨੇ ਮੁੜ ਫ਼ਿਕਰ ਸਾਂਝਾ ਕਰਦਿਆਂ ਕਿਹਾ ਕਿ, ਗੱਲ ਤਾਂ ਠੀਕ ਹੈ, ਪਰ ਉਨ੍ਹਾਂ ਦੇ ਨਾਲ ਸਾਡੇ ਜ਼ਾਤੀ ਭਾਈ ਹੀ ਮਦਦਗਾਰ ਹੋ ਗਏ ਹਨ। ਜੋ ਕੁਹਾੜਿਆਂ ਦੇ ਦਸਤੇ ਬਣ ਕੇ ਉਨ੍ਹਾਂ ਵਿਚ ਜਾਇ ਪਏ ਹਨ। ਇਸ ਗੱਲ ਨੂੰ ਸੁਣ ਕੇ ਬਣ ਦੇ ਸਾਰੇ ਰੁੱਖ ਕੰਬ ਗਏ ਅਤੇ ਕਹਿਣ ਲੱਗੇ ਕਿ ਜ਼ਾਤੀ ਦਾ ਵੈਰ ਕੁਲ ਦੇ ਨਸ਼ਟ ਕਰਨ ਲਈ ਬਹੁਤ ਬੁਰਾ ਹੁੰਦਾ ਹੈ ਸੋ ਹੁਣ ਅਸੀਂ ਨਹੀਂ ਬਚਾਂਗੇ।"

ਫ਼ੋਨ : 98780-70008
**e-mail :ts1984buttar@yahoo.com**

# ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲਾ ਦੇ ਭੋਰੇ ਦਾ ਸਬੰਧ

**ਕੰਵਰ ਅਜੀਤ ਸਿੰਘ**

ਹਉਮੈ, ਈਰਖਾ ਅਤੇ ਗੁਰਗੱਦੀ ਦੀ ਲਾਲਸਾ ਅਧੀਨ, ਗੁਰੂ-ਕਾਲ ਤੋਂ ਹੀ ਪੰਥ ਵਿਚ ਵਾਦ-ਵਿਵਾਦ ਖੜ੍ਹੇ ਕਰਨ ਦੇ ਯਤਨ ਹੁੰਦੇ ਆਏ ਹਨ। ਸਮਾਂ ਪਾ ਕੇ ਸੱਚਾਈ ਦੇ ਪ੍ਰਗਟ ਹੋਣ ਨਾਲ ਮਾਇਆ ਦੇ ਪੁਜਾਰੀ ਧਾਰਾਸ਼ਾਹੀ ਹੁੰਦੇ ਸਭ ਨੇ ਵੇਖੇ ਹਨ। ਅੱਜ-ਕੱਲ੍ਹ ਆਪਣੀ ਜਥੇਬੰਦੀ ਦੀ ਸਰਬਉੱਚਤਾ ਦਰਸਾਉਣ ਲਈ ਜਾਂ ਇਕ ਖ਼ਾਸ ਵਿਚਾਰਧਾਰਾ ਨੂੰ ਸਿਰਮੌਰ ਸਾਬਤ ਕਰਕੇ, ਪਿਛਲੀਆਂ ਕਈ ਸਦੀਆਂ ਦੀਆਂ ਪੰਥ ਵਿਚ ਚਲੀਆਂ ਆ ਰਹੀਆਂ ਰਹੁ-ਰੀਤਾਂ, ਪਰੰਪਰਾਵਾਂ, ਧਾਰਨਾਵਾਂ ਅਤੇ ਮਰਯਾਦਾ ਨੂੰ, ਹਉਮੈ ਅਧੀਨ ਅਖੌਤੀ ਵਿਗਿਆਨਕ ਚਸ਼ਮਾ ਲਗਾ ਕੇ ਖੰਡਨ ਕਰਨ ਦਾ ਰੁਝਾਨ ਵੱਧ ਰਿਹਾ ਹੈ। ਇਸੇ ਕੜੀ ਵਿਚ ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ 'ਬਕਾਲੇ' ਵਿਚ ਭੋਰੇ ਅੰਦਰ ਬੈਠ ਕੇ ਭਜਨ-ਬੰਦਗੀ ਕਰਨ ਜਾਂ 'ਨਾਮ ਜਪਣ' ਦਾ ਖੰਡਨ ਜਾਂ ਮੰਡਨ ਵਾਲਿਆਂ ਵਿਚਾਲੇ ਵਾਦ-ਵਿਵਾਦ ਪਿਛਲੇ ਦਿਨਾਂ ਤੋਂ ਪੰਥ ਵਿਚ ਚੱਲ ਰਿਹਾ ਹੈ।

ਹਉਮੈ, ਈਰਖਾ ਅਤੇ ਗੁਰਗੱਦੀ ਦੀ ਲਾਲਸਾ ਅਧੀਨ, ਗੁਰੂ-ਕਾਲ ਤੋਂ ਹੀ ਪੰਥ ਵਿਚ ਵਾਦ-ਵਿਵਾਦ ਖੜ੍ਹੇ ਕਰਨ ਦੇ ਯਤਨ ਹੁੰਦੇ ਆਏ ਹਨ। ਸਮਾਂ ਪਾ ਕੇ ਸੱਚਾਈ ਦੇ ਪ੍ਰਗਟ ਹੋਣ ਨਾਲ ਮਾਇਆ ਦੇ ਪੁਜਾਰੀ ਧਾਰਾਸ਼ਾਹੀ ਹੁੰਦੇ ਸਭ ਨੇ ਵੇਖੇ ਹਨ। ਅੱਜ-ਕੱਲ੍ਹ ਆਪਣੀ ਜਥੇਬੰਦੀ ਦੀ ਸਰਬਉੱਚਤਾ ਦਰਸਾਉਣ ਲਈ ਜਾਂ ਇਕ ਖ਼ਾਸ ਵਿਚਾਰਧਾਰਾ ਨੂੰ ਸਿਰਮੌਰ ਸਾਬਤ ਕਰਕੇ, ਪਿਛਲੀਆਂ ਕਈ ਸਦੀਆਂ ਦੀਆਂ ਪੰਥ ਵਿਚ ਚਲੀਆਂ ਆ ਰਹੀਆਂ ਰਹੁ-ਰੀਤਾਂ, ਪਰੰਪਰਾਵਾਂ, ਧਾਰਨਾਵਾਂ ਅਤੇ ਮਰਯਾਦਾ ਨੂੰ, ਹਉਮੈ ਅਧੀਨ ਅਖੌਤੀ ਵਿਗਿਆਨਕ ਚਸ਼ਮਾ ਲਗਾ ਕੇ ਖੰਡਨ ਕਰਨ ਦਾ ਰੁਝਾਨ ਵੱਧ ਰਿਹਾ ਹੈ। ਇਸੇ ਕੜੀ ਵਿਚ ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ 'ਬਕਾਲੇ' ਵਿਚ ਭੋਰੇ ਅੰਦਰ ਬੈਠ ਕੇ ਭਜਨ-ਬੰਦਗੀ ਕਰਨ ਜਾਂ 'ਨਾਮ ਜਪਣ' ਦਾ ਖੰਡਨ ਜਾਂ ਮੰਡਨ ਵਾਲਿਆਂ ਵਿਚਾਲੇ ਵਾਦ-ਵਿਵਾਦ ਪਿਛਲੇ ਦਿਨਾਂ ਤੋਂ ਪੰਥ ਵਿਚ ਚੱਲ ਰਿਹਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਭੋਰੇ ਅੰਦਰ ਬੈਠ ਕੇ ਭਜਨ-ਬੰਦਗੀ ਕਰਨ ਦਾ ਖੰਡਨ ਕਰਨ ਵਾਲਿਆਂ ਦੇ ਕਹਿਣ ਅਨੁਸਾਰ ਉਨ੍ਹਾਂ ਕੋਲ ਕੁਝ ਕਿਤਾਬਾਂ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਜਾਂ ਯਾਤਰਾਵਾਂ ਦਾ ਤਾਰੀਖ਼ਵਾਰ ਵੇਰਵਾ ਦਰਜ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੇ 'ਬਕਾਲੇ' ਦੇ ਅਸਥਾਨ 'ਤੇ ਕਿਸੇ ਭੋਰੇ ਵਿਚ ਬੈਠ ਕੇ ਸਮਾਂ ਨਹੀਂ ਗੁਜ਼ਾਰਿਆ ਬਲਕਿ ਸਿੱਖੀ ਦੇ ਪ੍ਰਚਾਰ ਲਈ ਤਤਪਰ ਰਹੇ। ਪ੍ਰਾਪਤ ਜਾਣਕਾਰੀ ਅਨੁਸਾਰ ਉਨ੍ਹਾਂ ਕੋਲ 'ਜੀਵਨ ਗਾਥਾ ਤੇ ਉਪਦੇਸ਼ ਗੁਰੂ ਤੇਗ ਬਹਾਦਰ ਜੀ' ਪ੍ਰਕਾਸ਼ਕ ਸਿੱਖ ਮਿਸ਼ਨਰੀ ਕਾਲਜ ਰਜਿ. ਲੁਧਿਆਣਾ ਅਤੇ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਵਾਨਿਤ ਸਿਰਮੌਰ ਇਤਿਹਾਸਕਾਰ ਮਹਿੰਦਰ ਸਿੰਘ ਜੋਸ਼ ਦੀ ਕਿਤਾਬ ਹੈ। ਇਨ੍ਹਾਂ ਕਿਤਾਬਾਂ ਵਿਚ ਭੱਟ ਵਹੀ, ਪੰਡਾ ਵਹੀ ਜਾਂ ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਦਾ ਸਿੱਖ ਇਤਿਹਾਸ ਅਤੇ ਪੁਸਤਕ 'ਗੁਰੂ ਕੀਆਂ ਸਾਖੀਆਂ' ਲੇਖਕ ਸਰੂਪ ਸਿੰਘ ਕੌਸ਼ਿਕ, ਸੰਪਾਦਕ ਪਿਆਰਾ ਸਿੰਘ ਪਦਮ, ਪ੍ਰਕਾਸ਼ਕ, ਸਿੰਘ ਬ੍ਰਦਰਜ਼ ਦੇ ਹਵਾਲੇ ਦਿੱਤੇ ਗਏ ਹਨ। ਅਸੀਂ ਇਨ੍ਹਾਂ ਪੁਸਤਕਾਂ ਦੇ ਹਵਾਲਿਆਂ ਨੂੰ ਮੁੱਖ ਰੱਖ ਕੇ ਹੀ ਗੱਲ ਸ਼ੁਰੂ ਕਰਦੇ ਹਾਂ।

'ਜੀਵਨ ਗਾਥਾ ਗੁਰੂ ਤੇਗ ਬਹਾਦਰ ਜੀ' ਨਾਮੀ ਪੁਸਤਕ ਦੇ ਪੰਨਾ ਨੰਬਰ-੮ ਅਨੁਸਾਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਹੀ ੧੬੪੪ ਈਸਵੀ ਦੇ ਆਰੰਭਕ ਮਹੀਨਿਆਂ ਵਿਚ ਗੁਰੂ ਪਿਤਾ ਦੇ ਹੁਕਮ ਅਨੁਸਾਰ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ 'ਬਕਾਲੇ' ਆ ਗਏ ਸਨ। ਉਸ ਵੇਲੇ ਉਨ੍ਹਾਂ ਦੀ ਉਮਰ ੨੦ ਵਰ੍ਹਿਆਂ ਦੀ ਸੀ।

ਇਸੇ ਕਿਤਾਬ ਦੇ ਪੰਨਾ ਨੰਬਰ-੧੧ 'ਤੇ ਹਰੀ ਰਾਮ ਗੁਪਤਾ ਦੀ "ਹਿਸਟਰੀ ਆਫ਼ ਸਿੱਖਸ ਭਾਗ-੧, ਪੰਨਾ-੧੯੫" ਦਾ ਹਵਾਲਾ ਦੇ ਕੇ ਲਿਖਦੇ ਹਨ ਕਿ (ਗੁਰੂ) ਤੇਗ ਬਹਾਦਰ ਜੀ ਨੇ ਆਪਣੀ ਮਾਤਾ ਨਾਨਕੀ, ਸੁਪਤਨੀ ਗੁਜਰੀ ਜੀ, ਭਰਜਾਈ ਹਰੀ ਜੀ ਅਤੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਪ੍ਰਚਾਰ ਯਾਤਰਾ ਆਰੰਭ ਕੀਤੀ। ਇਸ ਸਮੇਂ ਵਹੀਰ ਦੇ ਮੈਂਬਰਾਂ ਨੇ ਟੋਲੀਆਂ ਬਣਾ ਕੇ ਵੱਖ-ਵੱਖ ਥਾਵਾਂ 'ਤੇ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਪਹਿਲਾਂ ਉਹ ਬਨੂੜ, ਰੋਪੜ ਹੁੰਦੇ ਹੋਏ ਕੁਰੂਕਸ਼ੇਤਰ ਗਏ, ਉਥੋਂ ੨੯ ਮਾਰਚ ੧੬੫੭ ਈਸਵੀ ਨੂੰ ਹਰਿਦੁਆਰ ਪੁੱਜੇ। ਅੱਗੇ ਗੜ੍ਹ ਮੁਕਤੇਸ਼ਵਰ ਗਏ ਜਿੱਥੋਂ ਅਕਤੂਬਰ ੧੬੫੭ ਈਸਵੀ ਨੂੰ ਸਾਰੀ ਵਹੀਰ ਪੰਜਾਬ ਨੂੰ ਪਰਤ ਆਈ।

ਜਦ ਅਸੀਂ ਸਿੱਖ ਇਤਿਹਾਸ ਫ਼ਰੋਲਦੇ ਹਾਂ ਤਾਂ ਕਿਤੇ ਇਹ ਲਿਖਿਆ ਨਹੀਂ ਮਿਲਦਾ ਕਿ ਗੁਰੂ ਦਾ ਕੋਈ ਸਪੁੱਤਰ, ਗੁਰੂ ਸਾਹਿਬ ਦੇ ਹੀਨ-ਹਯਾਤ ਹੁੰਦਿਆਂ ਆਪਣੇ ਆਪ ਪ੍ਰਚਾਰ ਲਈ ਕਿਤੇ ਗਿਆ ਹੋਵੇ। ਫਿਰ ਪ੍ਰਚਾਰ ਵਹੀਰ ਕਿਹੜੇ-ਕਿਹੜੇ ਪਿੰਡ ਗਈ, ਕਿਸ-ਕਿਸ ਸਿੱਖ ਦਾ ਉਧਾਰ ਕੀਤਾ, ਕੋਈ ਨਾਉਂ-ਥੇਹ ਲਿਖਿਆ ਨਹੀਂ। ਹਰਿਦੁਆਰ 'ਹਰਿ ਕੀ ਪਉੜੀ' ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਮੌਜੂਦ ਹੈ, ਜੋ ਕਿ ਪੰਡਤ ਜਵਾਹਰ ਲਾਲ ਨਹਿਰੂ ਵੇਲੇ ਸਰਕਾਰ ਨੇ ਉਥੋਂ ਢਾਹ ਦਿੱਤਾ ਸੀ, ਹੁਣ ਉਹ ਤਕਰੀਬਨ ਇਕ ਕਿਲੋਮੀਟਰ ਦੂਰੀ 'ਤੇ ਸਥਿਤ

ਹੈ। ਕਨਖਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਯਾਦ ਵਿਚ ਬਣਿਆ ਗੁਰਦੁਆਰਾ ਸਾਹਿਬ ਇਸ ਵੇਲੇ ਮੌਜੂਦ ਹੈ। ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਤੋਂ ਪਹਿਲਾਂ ਦੇ ਪ੍ਰਚਾਰ ਦੌਰਿਆਂ ਦੀ ਕੋਈ ਨਿਸ਼ਾਨੀ ਕਿਉਂ ਨਹੀਂ ਮਿਲਦੀ? ਕੁਰੂਕਸ਼ੇਤਰ ਵਿਚ ਅਸਾਮ ਵੱਲ ਜਾਣ ਸਮੇਂ ਦੀ ਯਾਦ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ ਸਾਹਿਬ ਮੌਜੂਦ ਹੈ।

ਜਿਹੜੇ 'ਭੱਟ ਵਹੀ' ਅਤੇ 'ਗੁਰੂ ਕੀਆਂ ਸਾਖੀਆਂ' ਦਾ ਹਵਾਲਾ ਦੇ ਕੇ ਆਪਣੀ ਗੱਲ ਸਿੱਧ ਕਰਦੇ ਹਨ, ਹੁਣ ਅਸੀਂ ਉਨ੍ਹਾਂ ਦੀ ਗੱਲ ਕਰਦੇ ਹਾਂ ਕਿ ਉਹ ਕਿੰਨੀਆਂ ਕੁ ਪ੍ਰਮਾਣਿਤ ਲਿਖਤਾਂ ਹਨ। 'ਗੁਰੂ ਕੀਆਂ ਸਾਖੀਆਂ' ਦੇ ਪੰਨਾ ਨੰਬਰ-੫੮ ਅਨੁਸਾਰ (ਗੁਰੂ) ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠਨ ਤੋਂ ਪਹਿਲਾਂ ੩੫ ਸਾਲ ਦੀ ਉਮਰ ਵਿਚ "ਸੰਮਤ ਸਤਰਾਂ ਸੈ ਤੇਰਾਂ ਅਸਾਢ ਸੁਦੀ ਏਕਮ ਦੇਹੁ ਕੋਟ ਗੁਰੂ ਹਰਿ ਰਾਇ ਸੇ (ਕੀਰਤਪੁਰ ਸਾਹਿਬ ਤੋਂ) ਤੀਰਥ ਯਾਤਰਾ ਕਰਨ ਚਲੇ ਆਏ ਥੇ। ਸ੍ਰੀ ਗੁਰੂ ਹਰਿ ਰਾਇ ਜੀ ਕੇ ਜੋਤੀ ਜੋਤ ਸਮਾਵਨੇ ਸਮੇਂ ਇਹ ਸਮੇਤ ਪਰਿਵਾਰ ਪਟਨਾ ਮੇਂ ਬਿਰਾਜਮਾਨ ਥੇ। ਏਥੇ ਹੀ ਸਤਰਾਂ ਸੈ ਅਠਾਰਾਂ ਪੋਖ ਮਾਸ ਸੁਦੀ ਸਪਤਮੀ ਬੁਧਵਾਰ ਕੇ ਦਿਵਸ ਸ੍ਰੀ ਗੁਰੂ ਗੋਬਿੰਦ ਦਾਸ ਨੇ ਅਵਤਾਰ ਲੀਆ।" ਇਹ ਈਸਵੀ ਸੰਨ ੧੬੬੧ ਬਣਦਾ ਹੈ। ਜਦਕਿ ਸਾਰਾ ਪੰਥ ਦਸਮੇਸ਼ ਪਿਤਾ ਦਾ ਪ੍ਰਕਾਸ਼ ਦਿਹਾੜਾ ੧੬੬੬ ਈਸਵੀ ਮੰਨਦਾ ਹੈ।

'ਬੰਸਾਵਲੀ ਨਾਮਾ' ਕ੍ਰਿਤ ਕੇਸਰ ਸਿੰਘ ਛਿਬਰ, ਸੰਪਾਦਕ ਪਿਆਰਾ ਸਿੰਘ ਪਦਮ, ਪ੍ਰਕਾਸ਼ਕ ਸਿੰਘ ਬ੍ਰਦਰਜ਼ ਦੇ ਪੰਨਾ ਨੰਬਰ-੧੦੯ ਅਨੁਸਾਰ ਅਤੇ 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਪੁੱਤਰ ਪ੍ਰਾਪਤੀ ਲਈ ਅਤੇ ਪਰਿਵਾਰ ਦੀ ਕਲ੍ਹਾ-ਕਲੇਸ਼ ਕਾਰਨ ਤੀਰਥ ਯਾਤਰਾ 'ਤੇ ਗਏ। ਪਰ ਮਿਸ਼ਨਰੀ ਪ੍ਰਚਾਰਕ, ਪ੍ਰਚਾਰ ਦੌਰਾ ਦੱਸ ਰਹੇ ਹਨ।

ਸਿੱਖ ਮਿਸ਼ਨਰੀ ਕਾਲਜ ਦੀ ਕਿਤਾਬ ਦੇ ਪੰਨਾ ਨੰਬਰ-੧੨ 'ਤੇ ਡਾ. ਹਰੀ ਰਾਮ ਗੁਪਤਾ ਦਾ ਹਵਾਲਾ ਦੇ ਕੇ ਲਿਖਦੇ ਹਨ, "ਸਾਰੀ ਵਹੀਰ ੧੬੬੦ ਈਸਵੀ ਵਿਚ ਪ੍ਰਚਾਰ 'ਤੇ ਨਿਕਲੀ, ਪਰ ਇਸ ਵਾਰ ਗੁਰੂ ਜੀ ਦੀ ਪਤਨੀ ਗੁਜਰੀ ਜੀ ਉਨ੍ਹਾਂ ਨਾਲ ਨਹੀਂ ਸੀ। ਗੁਰੂ ਜੀ ਪ੍ਰਚਾਰ ਵਹੀਰ ਨਾਲ ਕੁਰੂਕਸ਼ੇਤਰ, ਦਿੱਲੀ, ਮਥੁਰਾ, ਆਗਰਾ ਪ੍ਰਯਾਗ (ਅਲਾਹਾਬਾਦ) ਗਏ। ੨੧ ਜੂਨ ੧੬੬੧ ਨੂੰ ਬਨਾਰਸ ਪੁੱਜੇ। ਇਸ ਸਬੰਧ ਵਿਚ ਭੱਟ ਵਹੀ ਪੂਰਬੀ ਦੱਖਣੀ ਵਿਚ ਇੰਦਰਾਜ ਹੈ। ਬਨਾਰਸ ਤੋਂ ਵਹੀਰ ਸਾਸਾਰਾਮਾ ਅਤੇ ਗਯਾ ਹੋ ਕੇ ਪਟਨਾ ਪੁੱਜੀ।"

'ਬੰਸਾਵਲੀ ਨਾਮਾ' ਅਤੇ 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਗੋਬਿੰਦ ਰਾਇ ਜੀ ਦਾ ਜਨਮ ਪਟਨਾ ਵਿਚ ਤੀਰਥ ਯਾਤਰਾ ਸਮੇਂ ਹੋਇਆ। ਹਰੀ ਰਾਮ ਗੁਪਤਾ ਅਨੁਸਾਰ, ਇਸ ਪ੍ਰਚਾਰ ਫੇਰੀ ਸਮੇਂ ਮਾਤਾ ਗੁਜਰੀ ਜੀ ਵਹੀਰ ਨਾਲ ਨਹੀਂ ਸਨ। ਹੁਣ ਮਿਸ਼ਨਰੀ ਕਾਲਜ ਵਾਲੇ ਪ੍ਰਚਾਰਕ ਹੀ ਦਸ ਸਕਦੇ ਹਨ ਕਿ (ਗੁਰੂ) ਗੋਬਿੰਦ ਰਾਇ ਜੀ ਦਾ ਜਨਮ ਕਿਸ ਦੀ ਕੁੱਖੋਂ ਹੋਇਆ? ਫਿਰ ਇਨ੍ਹਾਂ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਿਆਈ ਮਿਲਣ ਤੋਂ ਪਹਿਲਾਂ ਹੋਇਆ। ਪਰ ਡਾ. ਗੰਡਾ ਸਿੰਘ ਦੀ ਸੰਪਾਦਤ ਪੁਸਤਕ 'ਹੁਕਮਨਾਮੇ' ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ (੧੯੬੭) ਦੇ ਪੰਨਾ ਨੰਬਰ-੧੦੨-੧੦੩ ਅਨੁਸਾਰ ਗੁਰੂ ਸਾਹਿਬ ਗੁਰੂ ਹੋਣ ਦੀ ਹੈਸੀਅਤ ਵਿਚ ਪਟਨੇ ਦੀ ਸੰਗਤ ਵਲੋਂ (ਗੁਰੂ) ਗੋਬਿੰਦ ਰਾਇ ਜੀ ਦੇ ਜਨਮ ਦੀ ਵਧਾਈ ਕਬੂਲ ਕਰਕੇ ਸੰਗਤ ਨੂੰ ਅਸੀਸਾਂ ਦੇ ਰਹੇ ਹਨ:

ਹੁਕਮ ਨਾਮਾ ਨੰ. ੨੩ : ਨੌਵੇਂ ਗੁਰੂ ਤੇਗ ਬਹਾਦਰ ਜੀ ਵਲੋਂ ਸੰਗਤ ਪਟਨੇ ਜੋਗੁ

"ਪਟਨਾ ਗੁਰੂ ਕਾ ਘਰ ਹੈ ਸੰਗਤ ਕੀ ਬਹੁੜੀ ਹੋਗੁ, ਸੰਗਤ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਹਾਰੀ ਸੇਵਾ ਸੰਗਤਿ ਕੀ ਗੁਰੂ ਦਰਗਾਹ ਥਾਇੰ ਪੜੇਗੀ ਸੰਗਤ ਕਾ ਭਲਾ ਹੋਗੁ"

ਇਨ੍ਹਾਂ ਸਾਰੇ ਪਹਿਲੂਆਂ ਨੂੰ ਦੇਖਦੇ ਹੋਏ ਪਾਠਕਾਂ ਨੇ ਨਿਰਣਾ ਕਰਨਾ ਹੈ ਕਿ ਡਾ. ਹਰੀ ਰਾਮ ਗੁਪਤਾ ਠੀਕ ਹੈ ਜਾਂ ਬੰਸਾਵਲੀ ਨਾਮਾ ਅਤੇ ਗੁਰੂ ਕੀਆਂ ਸਾਖੀਆਂ ਮੰਨਣਯੋਗ ਹਨ ਜਾਂ ਫਿਰ ਮਹਿੰਦਰ ਸਿੰਘ ਜੋਸ਼ ਅਤੇ ਮਿਸ਼ਨਰੀ ਕਾਲਜ ਦੇ ਛਾਪੇ ਕਿਤਾਬਚੇ ਕਿਤੇ ਗੁੰਮਰਾਹ ਤਾਂ ਨਹੀਂ ਕਰ ਰਹੇ?

ਜਦ ਅਸੀਂ 'ਗੁਰੂ ਕੀਆਂ ਸਾਖੀਆਂ' ਦੀ ਗਹੁ ਨਾਲ ਖੋਜ ਕਰਦੇ ਹਾਂ ਤਾਂ ਹੋਰ ਵੀ ਹੈਰਾਨੀਜਨਕ ਅਤੇ ਸੱਚਾਈ ਨਾਲ ਮੇਲ ਨਾ ਖਾਣ ਵਾਲੇ ਤੱਥ ਸਾਹਮਣੇ ਆਉਂਦੇ ਹਨ। ਸਾਰਾ ਪੰਥ ਜਾਣਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਅਗਲੇ ਗੁਰੂ ਸਾਹਿਬਾਨ ਲਈ ਕਿਹਾ ਸੀ "ਨਹਿ ਮੁਗਲ ਕੋ ਦਰਸਨ ਦੈਂ ਹੈਂ" ਪਰ ਗੁਰੂ ਕੀਆਂ ਸਾਖੀਆਂ ਦੇ ਪੰਨਾ ਨੰਬਰ-੬੩ 'ਤੇ ਇਸ ਤਰ੍ਹਾਂ ਲਿਖਿਆ ਹੈ :

ਸਾਖੀ ਨੰ. ੧੮ ਸਾਖੀ ਗੁਰੂ ਹਰਿਕ੍ਰਿਸ਼ਨ ਜੀ ਦੀ ਸ਼ਾਹੀ ਦਰਬਾਰ ਮੇਂ ਜਾਨੇ ਕੀ ਚਾਲੀ

"ਸ੍ਰੀ ਕਰਤਾ ਪੁਰਖ (ਰਾਮ ਰਾਇ ਜੀ) ਨੇ ਸੰਮਤ ਸਤਰਾਂ ਸੈ ਇਕੀਸ- ਚੇਤਰ ਸੁਦੀ ਅੱਠੇਂ ਵੀਰਵਾਰ ਕੇ ਦਿਹੁੰ ਰਸੀਨਾ ਨਗਰ (ਰਾਇ ਸੀਨਾ, ਦਿੱਲੀ) ਸੇ ਰਾਜਾ ਜੈ ਸਿੰਘ ਕਾ ਦੀਵਾਨ ਸ਼ਾਹੀ ਦਰਬਾਰ ਮੇਂ ਭੇਜਾ, ਬਾਦਸ਼ਾਹ ਕੋ ਪਤਾ ਕੀਆ ਕਿ ਗੁਰੂ ਜੀ ਆਇ ਗਏ ਹੈਂ। ਔਰੰਗਜ਼ੇਬ ਖਬਰ ਪਾਇ ਅਪਨਾਂ ਅਹਿਲਕਾਰ ਭੇਜ ਸਤਿਗੁਰਾਂ ਕੋ ਬੁਲਾਇ ਭੇਜਾ। ਸ੍ਰੀ ਕਰਤਾ ਪੁਰਖ ਨੇ ਅਗਲੇ ਦਿੰਹੁ ਗੁਰੂ ਜੀ ਕੋ ਪਾਲਕੀ ਮੇਂ ਬਹਾਇ ਸ਼ਾਹੀ ਦਰਬਾਰ ਮੇਂ ਲੇ ਆਂਦਾ। ਇਨ ਕੋ ਏਕ ਮੂੜ੍ਹੇ ਪੇ ਬੈਠਾਇਆ ਗਿਆ।"

ਪੰਨਾ ਨੰਬਰ- ੬੩ ਅਤੇ ੬੪ ਦੇ ਫੁੱਟ ਨੋਟ ਵਿਚ ਭੱਟ ਵਹੀ ਦਾ ਹਵਾਲਾ ਦਿੱਤਾ ਹੈ: "ਗੁਰੂ ਹਰਿ ਕ੍ਰਿਸ਼ਨ ਜੀ ਮਹਲਾ ਅੱਠਮਾਂ ਬੇਟਾ ਗੁਰੂ ਹਰਿ ਰਾਇ ਜੀ ਕਾ।... ਸਾਲ ਸਤਰਾਂ ਸੈ ਇਕੀਸ ਚੇਤਰ ਮਾਸੇ ਸ਼ੁਕਲਾ ਪੱਖੇ ਥਿਤ ਨਾਮੀ ਗੁਰੂਵਾਰ ਕੇ ਦਿਹੁੰ ਸਵਾ ਪਹਿਰ ਦਿਨ ਚਢੇ ਪਾਲਕੀ ਤੇ ਸਵਾਰ ਹੋਇ ਦਿਹਲੀ ਬਾਦਸ਼ਾਹੀ ਦਰਬਾਰ ਮੇਂ ਆਏ। ਗੈਲੇ ਗੁਰੂ ਰਾਮ ਰਾਇ ਜੀ ਆਏ, ਬੇਟੇ ਗੁਰੂ ਹਰਿ ਰਾਇ ਜੀ ਮਹਲ ਸੱਤਮੇਂ ਕੇ- ਦੀਵਾਨ ਦਰਘਾ ਮੱਲ ਆਇਆ, ਬੇਟਾ ਦਵਾਰਕਾ ਦਾਸ ਛਿਬਰ ਕਾ। ਕੰਵਰ ਰਾਮ ਸਿੰਘ ਆਇਆ, ਬੇਟਾ ਰਾਜਾ ਜੈ ਸਿੰਘ ਅੰਬੇਰੀ ਕਾ।"

(ਭੱਟ ਵਹੀ ਤਲਉਂਡਾ, ਪਰਗਨਾਂ ਜੀਂਦ, ਖਾਤਾ ਜਲਹਾਨੇ ਪੁਆਰੋਂ ਕਾ)

ਦੂਜੇ ਪਾਸੇ ਇਨ੍ਹਾਂ 'ਭੱਟ ਵਹੀਆਂ' ਦਾ ਹਵਾਲਾ ਦੇ ਕੇ ਨੌਵੇਂ ਗੁਰੂ ਜੀ ਵਲੋਂ ਭੋਰੇ ਵਿਚ ਕੀਤੀ ਬੰਦਗੀ ਨੂੰ ਨਕਾਰਨ ਵਾਲੇ ਆਪ 'ਜੀਵਨ ਗਾਥਾ ਤੇ ਉਪਦੇਸ਼ ਗੁਰੂ ਤੇਗ ਬਹਾਦਰ ਜੀ' ਦੇ ਪੰਨਾ ਨੰਬਰ- ੧੩ 'ਤੇ ਲਿਖਦੇ ਹਨ 'ਗੁਰੂ ਹਰਿਕ੍ਰਿਸ਼ਨ ਜੀ ਦਾ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ' ਹੁਣ ਇਨ੍ਹਾਂ ਦੀ ਕਿਹੜੀ ਗੱਲ ਦਾ ਇਤਬਾਰ ਕੀਤਾ ਜਾਵੇ, ਪਾਠਕ ਆਪ ਹੀ ਦੱਸ ਸਕਦੇ ਹਨ। ਜਦਕਿ 'ਬੰਸਾਵਲੀ ਨਾਮਾ' ਦਾ ਕਰਤਾ, ਗੁਰੂ ਸਾਹਿਬ ਵਲੋਂ ਬਾਦਸ਼ਾਹ ਨੂੰ ਨਾ ਮਿਲਣ ਬਾਰੇ ਸਾਫ਼ ਲਿਖ ਰਿਹਾ ਹੈ।

ਇਕ ਹੋਰ ਵੱਡਾ ਕੁਫ਼ਰ 'ਗੁਰੂ ਕੀਆਂ ਸਾਖੀਆਂ' ਤੋਂ ਮਿਲਦਾ ਹੈ; ਸਭ ਨੂੰ ਪਤਾ ਹੈ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਰਾਮ ਰਾਇ ਨੂੰ ਗੁਰਬਾਣੀ ਦੀ ਤੁਕ ਬਦਲਣ ਕਰਕੇ ਫ਼ਿਟਕਾਰ ਦਿੱਤਾ ਸੀ ਅਤੇ ਸਾਰੀ ਉਮਰ ਮੂੰਹ ਨਹੀਂ ਲਾਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਧੀਰ ਮੱਲੀਏ ਅਤੇ ਰਾਮਰਾਈਆਂ ਨਾਲ ਮਿਲਵਰਤਣ ਨਾ ਰੱਖਣ ਲਈ ਹੁਕਮਨਾਮਾ ਮੌਜੂਦ ਹੈ। ਪਰ 'ਗੁਰੂ ਕੀਆਂ ਸਾਖੀਆਂ' ਅਨੁਸਾਰ ਰਾਮ ਰਾਇ ਜੀ ਪ੍ਰੇਮ ਸਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਪਾਲਕੀ ਵਿਚ

ਬਿਠਾ ਕੇ ਸ਼ਾਹੀ ਦਰਬਾਰ ਵਿਚ ਲਿਜਾ ਰਹੇ ਹਨ।

'ਗੁਰੂ ਕੀਆਂ ਸਾਖੀਆਂ' ਦਾ ਲੇਖਕ ਪੰਨਾ ਨੰਬਰ- ੬੫ 'ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਫੁੱਲ, ਸੰਮਤ ੧੭੨੧ ਨੂੰ ਗੰਗਾ ਨਦੀ ਵਿਚ ਪੁਆ ਰਿਹਾ ਹੈ। ਜਦੋਂਕਿ ਪੰਥ ਦੀ ਰਹਿਤ ਮਰਯਾਦਾ ਅਨੁਸਾਰ, ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ ਆਦਿਕ ਥਾਵਾਂ ਵਿਚ ਜਾ ਕੇ ਪਾਉਣੇ ਮਨਮਤਿ ਹੈ।

'ਜੀਵਨ ਗਾਥਾ ਤੇ ਉਪਦੇਸ਼' ਪ੍ਰਕਾਸ਼ਕ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਪੰਨਾ ਨੰਬਰ-੧੨ ਮੁਤਾਬਕ (ਗੁਰੂ) ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਨਾਲ ੨੧ ਮਾਰਚ ੧੬੬੪ ਈਸਵੀ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਤੇ ਉਨ੍ਹਾਂ ਦੀ ਮਾਤਾ ਜੀ ਆਦਿ ਨੂੰ ਰਾਜਾ ਜੈ ਸਿੰਘ ਦੀ ਹਵੇਲੀ (ਗੁਰਦੁਆਰਾ ਬੰਗਲਾ ਸਾਹਿਬ) ਜਾ ਕੇ ਮਿਲੇ। 'ਗੁਰੂ ਕੀਆਂ ਸਾਖੀਆਂ' ਦੇ ਪੰਨਾ ਨੰਬਰ- ੬੩ ਅਨੁਸਾਰ (ਗੁਰੂ) ਤੇਗ ਬਹਾਦਰ ਜੀ ੨ ਦਿਨ ਦਿੱਲੀ ਰਹੇ, ੨੩ ਮਾਰਚ ਨੂੰ ਦਿੱਲੀ ਤੋਂ ਬਕਾਲੇ ਲਈ ਚੱਲੇ। 'ਗੁਰੂ ਕੀਆਂ ਸਾਖੀਆਂ' ਦੇ ਪੰਨਾ ਨੰਬਰ-੬੪ ਅਨੁਸਾਰ ੨੪ ਮਾਰਚ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੁਖ਼ਾਰ ਹੋਇਆ ਅਤੇ ਅਗਲੇ ਦਿਨ ੨੫ ਮਾਰਚ ਨੂੰ ਵੱਡੀ ਚੇਚਕ ਨਿਕਲ ਆਈ। ਹਾਲਾਤ ਤੋਂ ਪਤਾ ਲੱਗਦਾ ਹੈ ਕਿ (ਗੁਰੂ) ਤੇਗ ਬਹਾਦਰ ਸਾਹਿਬ ਜੀ, ਜੋ ਸਿੱਖੀ ਦਾ ਪ੍ਰਚਾਰ ਕਰਦੇ ਜਾ ਰਹੇ ਸਨ, ਗੁਰਦੁਆਰਾ ਬੰਗਲਾ ਸਾਹਿਬ ਤੋਂ ਮਸਾਂ ੧੫-੨੦ ਮੀਲ ਹੀ ਗਏ ਹੋਣਗੇ, ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ੩੦ ਮਾਰਚ ਨੂੰ ਜੋਤੀ-ਜੋਤਿ ਸਮਾ ਗਏ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਐਸੀ ਭਿਆਨਕ ਬਿਮਾਰੀ ਦੇ ਬਾਵਜੂਦ ਕੋਈ, (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਬੁਲਾਉਣ ਨਹੀਂ ਗਿਆ, ਇਸ ਲਈ ਉਨ੍ਹਾਂ ਨੂੰ 'ਬਕਾਲੇ' ਪਹੁੰਚਾ ਦਿੱਤਾ ਗਿਆ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੱਚਖੰਡ ਜਾ ਬਿਰਾਜੇ।

ਹੁਣ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 'ਬਕਾਲੇ' ਵਿਚ ਬਣੇ ਭੋਰੇ ਅਤੇ ਭੋਰੇ ਵਿਚ ਬੈਠ ਕੇ ਨਾਮ-ਜਪਣ, ਬੰਦਗੀ ਕਰਨ ਦਾ ਪ੍ਰਮਾਣ ਪੇਸ਼ ਕਰਦੇ ਹਾਂ :

੧. ਸ੍ਰੀ ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ : ਲੇਖਕ ਡਾ. ਫੌਜਾ ਸਿੰਘ ਅਤੇ ਡਾ. ਤਾਰਨ ਸਿੰਘ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ (੧੯੮੭) ਅਨੁਸਾਰ;

"ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ ੫ ਸੰਮਤ ੧੬੭੮ (੧ ਅਪ੍ਰੈਲ ੧੬੨੧ ਈਸਵੀ) ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਜੀ ਹੋਇਆ। (ਕਿਤਾਬ ਪੰਨਾ ਨੰਬਰ-੧੦)

ਕਿਤਾਬ ਦੇ ਪੰਨਾ ਨੰਬਰ-੧੩ ਅਨੁਸਾਰ, ਜਿਸ ਵੇਲੇ ਬਾਬਾ ਸੂਰਜ ਮੱਲ ਜੀ ਦੀ ਸ਼ਾਦੀ ਹੋਈ ਉਸੇ ਦਿਨ (ਗੁਰੂ) ਤੇਗ ਬਹਾਦਰ ਜੀ ਦੀ ਮੰਗਣੀ, ਲਾਲ ਚੰਦ ਸੁਭਿਖੀ ਦੀ ਪੁੱਤਰੀ ਗੁਜਰੀ ਨਾਲ ਕਰ ਦਿੱਤੀ ਗਈ।

ਪੰਨਾ ਨੰਬਰ-੧੬ 'ਤੇ 'ਸੂਰਜ ਪ੍ਰਕਾਸ਼' ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ (ਗੁਰੂ) ਹਰਿ ਰਾਇ ਜੀ ਨੂੰ ਗੁਰਗੱਦੀ ਦੇਣ ਦਾ, ਮਾਤਾ ਨਾਨਕੀ ਜੀ ਨੇ ਰੋਸ ਪ੍ਰਗਟ ਕੀਤਾ ਪਰ ਗੁਰੂ ਸਾਹਿਬ ਨੇ ਮਾਤਾ ਜੀ ਨੂੰ ਢਾਰਸ ਦਿੱਤੀ ਕਿ ਸਮਾਂ ਪਾ ਕੇ ਤੁਹਾਡਾ ਪੁੱਤਰ ਭੀ ਗੱਦੀ ਦਾ ਵਾਰਿਸ ਬਣੇਗਾ। ਜਦੋਂ ੧੬੪੪ ਈਸਵੀ ਵਿਚ ਛੇਵੇਂ ਪਾਤਸ਼ਾਹ ਜੋਤੀ-ਜੋਤ ਸਮਾ ਗਏ ਤਦ ਮਾਤਾ ਨਾਨਕੀ ਜੀ ਆਪਣੇ ਸਪੁੱਤਰ (ਗੁਰੂ) ਤੇਗ ਬਹਾਦਰ ਜੀ ਅਤੇ ਗੁਜਰੀ ਜੀ ਨੂੰ ਨਾਲ ਲੈ ਕੇ ਕੀਰਤਪੁਰ ਤੋਂ 'ਬਕਾਲੇ' ਆ ਗਏ ਅਤੇ ਇਥੇ ਹੀ ਪੱਕੀ ਰਿਹਾਇਸ਼ ਰੱਖੀ।

ਪੰਨਾ ਨੰਬਰ-੧੭ ਅਨੁਸਾਰ, ਬਾਬਾ ਤੇਗ ਬਹਾਦਰ ਜੀ ਚੌਥਾ ਸਮਾਂ ਨਾਮ-ਸਿਮਰਨ ਅਤੇ ਤਪੱਸਿਆ ਵਿਚ ਗੁਜ਼ਾਰਦੇ ਸਨ। ਇਸ ਦੀ ਗਵਾਹੀ ਜ਼ਮੀਨ ਹੇਠ ਇਕ ਭੋਰੇ ਤੋਂ ਮਿਲਦੀ ਹੈ ਜੋ ਗੁਰੂ ਜੀ ਨੇ ਤਪੱਸਿਆ ਲਈ ਆਪ ਬਣਵਾਇਆ ਸੀ। ੧੨ ਸਾਲ 'ਬਕਾਲੇ' ਰਹਿਣ ਪਿੱਛੋਂ ਗੁਰੂ ਸਾਹਿਬ ਨੇ ਪਰਿਵਾਰ ਸਮੇਤ ਤੀਰਥ ਯਾਤਰਾ 'ਤੇ ਜਾਣ ਦੀ ਤਜਵੀਜ਼ ਬਣਾਈ।"

੨. ਗੁਰੂ ਤੇਗ ਬਹਾਦਰ ਮਾਰਗ: ਲੇਖਕ ਡਾ. ਸੁਖਦਿਆਲ ਸਿੰਘ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ

ਪਟਿਆਲਾ (੧੯੯੭) ਦੇ ਪੰਨਾ ਨੰਬਰ-੨ ਅਨੁਸਾਰ;

"ਬਾਬਾ ਅਟਲ ਰਾਇ, ਬਾਬਾ ਗੁਰਦਿੱਤਾ ਅਤੇ ਪਿਤਾ ਦੇ ਅਕਾਲ ਚਲਾਣੇ ਦੇ ਸੋਗ ਵਿਚ ਆਪ ਕੀਰਤਪੁਰ ਨੂੰ ਛੱਡ ਕੇ ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਨਾਲ ਨੌਵੇਂ ਗੁਰੂ ਦੇ ਪ੍ਰਗਟ ਹੋਣ ਤੱਕ ਬਾਬਾ ਬਕਾਲੇ ਹੀ ਰਹਿੰਦੇ ਰਹੇ।"

ਉਪਰੋਕਤ ਹਵਾਲੇ ਅਨੁਸਾਰ ਇਹ ਸਮਾਂ ੨੨ ਸਾਲ ਦਾ ਬਣਦਾ ਹੈ।

੩. ਸਿੱਖ ਇਤਿਹਾਸ ਭਾਗ-੧: ਲੇਖਕ ਪ੍ਰੋ. ਕਰਤਾਰ ਸਿੰਘ ਐਮ.ਏ., ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਪੰਨਾ ਨੰਬਰ-੩੦੫ ਅਨੁਸਾਰ;

"ਸੰਮਤ ੧੭੦੧ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ ਆਪ ਆਪਣੀ ਮਾਤਾ ਜੀ ਅਤੇ ਮਹਿਲਾਂ (ਸੁਪਤਨੀ) ਸਮੇਤ ਆਪਣੇ ਨਾਨਕੇ, ਪਿੰਡ ਬਕਾਲੇ, ਜ਼ਿਲ੍ਹਾ ਅੰਮ੍ਰਿਤਸਰ ਜਾ ਟਿਕੇ ਅਤੇ ਵੀਹ-ਇੱਕੀ ਵਰ੍ਹੇ ਉਥੇ ਰਹੇ। ਉਥੇ ਆਪ ਇਕ ਮਾਮੂਲੀ ਜਿਹੇ ਮਕਾਨ ਵਿੱਚ ਇਕਾਂਤ, ਸ਼ਾਂਤ ਤੇ ਟਿਕਾਉ ਵਾਲਾ ਜੀਵਨ ਬਤੀਤ ਕਰਦੇ ਸਨ। ਆਪ ਬਹੁਤਾ ਚਿਰ ਭੋਰੇ ਵਿੱਚ ਰਹਿ ਕੇ ਜਪ ਤਪ ਤੇ ਸਿਮਰਨ ਅਭਿਆਸ ਕਰਦੇ ਰਹਿੰਦੇ ਸਨ।"

੪. ਪ੍ਰਸਿੱਧ ਵਿਦਵਾਨ ਗਿਆਨੀ ਸੋਹਣ ਸਿੰਘ ਜੀ ਸੀਤਲ ਆਪਣੀ ਕਿਤਾਬ 'ਲਾਸਾਨੀ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ' ਦੇ ਤੀਜੇ ਕਾਂਡ ਵਿਚ ਪੰਨਾ ਨੰਬਰ-੩੦ ਅਤੇ ੩੧ 'ਤੇ ਲਿਖਦੇ ਹਨ;

"ਪੈਂਦੇ ਖ਼ਾਨ ਨਾਲ ਹੋਈ ਲੜਾਈ ਦਾ ਗੁਰੂ ਤੇਗ ਬਹਾਦਰ ਜੀ ਦੇ ਸੋਹਲ ਦਿਲ 'ਤੇ ਬੜਾ ਡੂੰਘਾ ਅਸਰ ਪਿਆ। ਮਰ ਰਹੇ ਜ਼ਖ਼ਮੀਆਂ ਵੱਲ ਵੇਖ ਕੇ ਹਜ਼ੂਰ ਅਥਾਹ ਵੈਰਾਗ ਵਿਚ ਡੁੱਬ ਗਏ। ਨਾਨਕੇ ਪਿੰਡ ਬਕਾਲੇ ਆ ਕੇ ਆਪ ਤਪ-ਸਾਧਨਾ ਵਿਚ ਲੱਗ ਗਏ। ਇਕ ਛੋਟੇ ਜਿਹੇ ਘਰ ਦੇ ਪਿਛਲੇ ਕਮਰੇ ਵਿਚ ਬੈਠੇ ਆਪ, ਰਾਤ-ਦਿਨ ਸਿਮਰਨ ਵਿਚ ਲੀਨ ਰਹਿੰਦੇ।"

੫. Life of Guru Teg Bahadur: ਲੇਖਕ ਮੈਕਸ ਆਰਥਰ ਮੈਕਾਲਫ਼, ਪ੍ਰਕਾਸ਼ਕ ਭਾਸ਼ਾ ਵਿਭਾਗ ਪਟਿਆਲਾ (੧੯੭੧) ਦੇ ਪੰਨਾ ਨੰਬਰ-੮ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੱਖਣ ਸ਼ਾਹ ਲੁਬਾਣੇ ਵਲੋਂ 'ਗੁਰੂ ਪ੍ਰਗਟ ਕਰਨ' ਪਿੱਛੋਂ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਦਾ ਜ਼ਿਕਰ ਕਰਦਾ ਹੈ। ਇਸ ਤੋਂ ਪਹਿਲਾਂ ਦਾ ਸਾਰਾ ਸਮਾਂ ਬਕਾਲੇ ਵਿਚ ਭਜਨ-ਬੰਦਗੀ ਕਰਨਾ ਹੀ ਦੱਸਦਾ ਹੈ।

੬. ਤਵਾਰੀਖ ਗੁਰੂ ਖਾਲਸਾ : ਲੇਖਕ ਗਿਆਨੀ ਗਿਆਨ ਸਿੰਘ, ਪ੍ਰਕਾਸ਼ਕ ਭਾਸ਼ਾ ਵਿਭਾਗ ਪਟਿਆਲਾ (ਪੰਜਵੀਂ ਵਾਰ ੨੦੧੧) ਵਿਚ ਗਿਆਨੀ ਗਿਆਨ ਸਿੰਘ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਗੁਰਗੱਦੀ ਮਿਲਣ ਤੋਂ ਪਹਿਲਾਂ (ਗੁਰੂ) ਤੇਗ ਬਹਾਦਰ ਜੀ ਬਕਾਲੇ ਵਿਚ ਹੀ ਤਪ-ਸਾਧਨਾ ਕਰਦੇ ਰਹੇ ਅਤੇ ਗੱਦੀ-ਨਸ਼ੀਨ ਹੋਣ ਪਿੱਛੋਂ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਲਈ ਗਏ। ਧੀਰ ਮੱਲ ਦੇ ਮਸੰਦਾਂ ਵਲੋਂ ਦਰਸ਼ਨੀ ਡਿਓਢੀ ਦੇ ਦਰਵਾਜ਼ੇ ਬੰਦ ਕਰ ਲੈਣ ਕਾਰਨ, ਗੁਰੂ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ 'ਦਮਦਮਾ' ਦੇ ਅਸਥਾਨ 'ਤੇ ਕੁਝ ਦੇਰ ਉਡੀਕ ਕੇ ਵਾਪਸ ਬਕਾਲੇ ਆ ਗਏ।

੭. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼:

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਨੂੰ ਕੌਣ ਨਹੀਂ ਜਾਣਦਾ? ਭਾਸ਼ਾ ਵਿਭਾਗ ਪਟਿਆਲਾ ਵਲੋਂ ਛਾਪੇ ਇਸ 'ਮਹਾਨ ਕੋਸ਼' ਵਿਚ ਭਾਈ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਤਿੰਨ ਭੋਰਿਆਂ ਦੀ ਜਾਣਕਾਰੀ ਦਿੱਤੀ ਹੈ। ਜੋ ਇਸ ਤਰ੍ਹਾਂ ਹੈ :

(ੳ) ਪੰਨਾ ਨੰਬਰ- ੮੨੯, ਕਾਲਮ-੩ ਅਨੁਸਾਰ:

ਬਕਾਲਾ : ਅੰਮ੍ਰਿਤਸਰ ਜ਼ਿਲ੍ਹੇ ਵਿਚ ਬਯਾਸ ਸਟੇਸ਼ਨ ਤੋਂ ਢਾਈ ਮੀਲ ਉਤਰ ਵਿਚ ਇਕ ਪਿੰਡ, ਜਿਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਸਮੇਤ ਚਿਰ ਤੀਕ ਰਹੇ ਹਨ। ਮੱਖਣ ਸ਼ਾਹ ਨੇ ਇਥੋਂ ਹੀ ਗੁਰੂ ਸਾਹਿਬ ਨੂੰ ਪਰਗਟ ਕੀਤਾ ਸੀ। ਜਿਥੇ ਗੁਰੂ ਸਾਹਿਬ ਨਿਵਾਸ ਕਰਦੇ ਸਨ ਉਸ ਦਾ ਨਾਮ "ਭੋਰਾ ਸਾਹਿਬ" ਹੈ, ਜਿਥੇ ਗੁਰਗੱਦੀ 'ਤੇ ਬੈਠ ਕੇ ਦਰਸ਼ਨ ਦਿੰਦੇ ਸਨ ਉਹ ਅਸਥਾਨ ਦਰਬਾਰ ਸਾਹਿਬ ਹੈ।

(ਅ) ਮਹਾਨ ਕੋਸ਼, ਪੰਨਾ ਨੰਬਰ-੯੨੯, ਕਾਲਮ-੨ ਅਨੁਸਾਰ:

ਭੋਰਾ ਸਾਹਿਬ : ਬਕਾਲੇ ਨਗਰ ਵਿਚ ਉਹ ਗੁਫ਼ਾ ਜਿਸ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਬੈਠ ਕੇ ਨਾਮ ਸਿਮਰਨ ਕਰਦੇ ਸਨ।

(ੲ) ਮਹਾਨ ਕੋਸ਼, ਪੰਨਾ ਨੰਬਰ-੧੦੧, ਕਾਲਮ-੨ ਅਨੁਸਾਰ:

ਭੋਰਾ ਸਾਹਿਬ : ਆਨੰਦਪੁਰ ਸਾਹਿਬ ਵਿਚ ਪੱਛਮ ਵੱਲ ਗੁਰੂ ਕੇ ਮਹਿਲਾਂ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਇਥੇ ਏਕਾਂਤ ਵਿਚ ਬੈਠ ਕੇ ਭਜਨ ਕਰਿਆ ਕਰਦੇ ਸਨ। ਇਹ ਭੋਰਾ ੮ ਫੁੱਟ ਗਹਿਰਾ ਹੈ ਜਿਸ ਦੀਆਂ ਦਸ ਪੌੜੀਆਂ ਹਨ।

(ਸ) ਮਹਾਨ ਕੋਸ਼, ਪੰਨਾ ਨੰਬਰ-੩੧੪, ਕਾਲਮ-੩ ਅਨੁਸਾਰ:

ਕਾਂਸ਼ੀ : ਯੂ.ਪੀ. ਵਿਚ ਹਿੰਦੂਆਂ ਦਾ ਪ੍ਰਧਾਨ ਨਗਰ ਹੈ।

ਇਥੇ ਮੁੱਹਲਾ ਆਸ ਭੈਰੋਂ ਵਿਚ "ਬੜੀ ਸੰਗਤ" ਗੁਰਦੁਆਰਾ ਹੈ। ਗੁਰੂ ਤੇਗ ਬਹਾਦਰ ਸਾਹਿਬ ਸੰਮਤ ੧੭੨੨ ਵਿਚ ਇਥੇ ਪਧਾਰੇ ਸਨ, ਜਿਸ ਗੁਫ਼ਾ ਵਿਚ ਏਕਾਂਤ ਧਿਯਾਨ ਪਰਾਇਣ ਰਹਿੰਦੇ ਸਨ। ਉਹ ਵਿਦਯਾਮਾਨ ਹੈ।

ਤਰਕਵਾਦੀ ਕੀ ਹੁਣ ਦਸ ਸਕਦੇ ਹਨ ਕਿ ਇਹ ਭੋਰੇ ਗੁਰੂ ਸਾਹਿਬ ਤੋਂ ਬਗੈਰ ਕਿਸ ਨੇ ਬਣਾਏ ਸਨ? ਜੇ ਇਹ ਭੋਰੇ ਜਾਂ ਗੁਫ਼ਾਵਾਂ ਏਕਾਂਤ ਵਿਚ, ਇਕ ਮਨ, ਇਕ ਚਿਤ ਹੋ ਕੇ ਨਾਮ ਜਪਣ ਲਈ ਨਹੀਂ ਵਰਤੇ ਗਏ ਤਾਂ ਫ਼ਿਰ ਕਿਸ ਕੰਮ ਲਈ ਇਹ ਭੋਰੇ ਬਣਾਏ ਗਏ ਸਨ?

ਬਦਕਿਸਮਤੀ ਨਾਲ ਕੁਝ ਨਾਸਤਿਕ ਬਿਰਤੀ ਦੇ ਵਿਦਵਾਨ ਲੋਕ ਖ਼ਾਲਸਾ ਪੰਥ ਵਿਚ ਵੜ ਗਏ ਹਨ। ਇਨ੍ਹਾਂ ਅਨੁਸਾਰ ਨਾਮ ਜਪਣਾ, ਸਮਾਂ ਨਸ਼ਟ ਕਰਨ ਵਾਲੀ 'ਮਕੈਨੀਕਲ ਕਿਰਿਆ' ਹੈ।

ਜੇ ਗੁਰੂ ਸਾਹਿਬ ਦੇ ਭੋਰੇ ਵਿਚ ਬੈਠ ਕੇ ਨਾਮ ਜਪਣਾ ਸਿੱਧ ਹੁੰਦਾ ਹੈ ਤਾਂ ਇਨ੍ਹਾਂ ਦੀ ਵਿਚਾਰਧਾਰਾ 'ਤੇ ਇਹ ਗਹਿਰੀ ਚੋਟ ਹੈ। ਸ਼ਾਇਦ ਇਸੇ ਕਰਕੇ ਹੀ ਇਹ ਗੁਰੂ ਇਤਿਹਾਸ ਨੂੰ ਹੀ ਮੇਟਣ 'ਤੇ ਉਤਾਰੂ ਹੋ ਗਏ ਹਨ।

**# 20/77 ਰਣਜੀਤ ਨਗਰ, ਜੀ-ਬਲਾਕ**
**ਸਿਊਨਾ ਰੋਡ, ਪਟਿਆਲਾ**
**ਮੋਬਾਇਲ :** 98151-56818, 95018-77116.

# ਵਿਸਮਾਦੀ ਪੀੜਾ

ਇਕ ਪੀੜਾ ਐਸੀ ਚਾਹੀ ਸੀ, ਜੋ ਪੀੜਾ ਦਰਦ ਨੂੰ ਦੂਰ ਕਰੇ।
ਜਿਸ ਪੀੜਾ ਵਿਚ ਵਿਛੋੜਾ ਵੀ, ਇਕ ਅਨੰਦ ਵਿਸਮਾਦੀ ਬਣ ਜਾਵੇ।
ਜਿਸ ਪੀੜਾ ਵਿਚ ਇਕੱਲਤਾ ਵੀ, ਦੇ ਜਾਵੇ ਸੁਖ ਮਿਲਾਪ ਦਾ ਜੀ।
ਉਹ ਪੀੜਾ ਘੁੱਪ ਹਨੇਰੇ ਵਿਚ, ਇਕ ਐਸਾ ਦੀਪ ਜਗਾ ਜਾਵੇ।
ਜਿਸ ਦੀਪ ਦੀ ਮਿੱਠੀ ਲੋਅ ਤੋਂ, ਇਕ ਐਸਾ ਮਾਰਗ ਮਿਲ ਜਾਵੇ।
ਜਿਸ ਮਾਰਗ 'ਤੇ ਚੱਲ ਇਹ ਕਿਰਮ ਵੀ, ਮੰਜ਼ਿਲ-ਏ-ਮਕਸੂਦ ਨੂੰ ਪਾ ਜਾਵੇ।
ਵੀਰਾਨ ਪਏ ਇਸ ਬਗ਼ੀਚੇ ਨੂੰ, ਪ੍ਰੇਮ ਬਹਾਰਾਂ ਵਿਚ ਬਦਲਾਅ ਜਾਵੇ।
ਮਰਨ ਪਈ ਇਸ ਬੂੰਦ ਨੂੰ, ਇਕ ਪ੍ਰੇਮਾ ਨਦੀ 'ਚ ਸਮੋ ਦੇਵੇ।
ਅਸੀਮ ਸਮੁੰਦ 'ਚ ਨਦੀ ਸਮੋ ਜਾਵੇ, ਇਸ ਬੂੰਦ ਨੂੰ ਵੀ ਸਮੁੰਦ ਬਣਾ ਜਾਵੇ।
ਵਿਪਰਨ ਦੀ ਵੀ ਇਕ ਪੀੜਾ ਹੈ, ਜਿਸ ਪੀੜਾ ਵਿਚ ਸਿਰਫ਼ ਦਰਦ ਹੀ ਹੈ।
ਇਸ ਪੀੜਾ ਦੀ ਦਾਤੀ ਮਾਇਆ ਹੈ, ਜੋ ਅਨਿਕ ਰੰਗ ਬਦਲਦੀ ਹੈ।
ਇਸ ਪੀੜਾ ਵਿਚ ਸਿਰਫ਼ ਦਰਦ ਹੀ ਹੈ, ਵਿਛੋੜਾ ਹੈ ਭਰਮ ਹੀ ਹੈ।
ਟਿਕਾਉ ਨਹੀਂ ਜਲਣ ਹੀ ਹੈ, ਜ਼ਖ਼ਮ ਹੀ ਹੈ ਤਾਪ ਹੀ ਹੈ।
ਚਿੱਟੇ ਘੁੱਪ ਚਾਨਣ ਨੂੰ, ਇਹ ਪੀੜਾ ਘੁੱਪ ਹਨੇਰ ਕਰੇ।
ਇਹ ਪੀੜਾ ਜਿਸ ਦੇ ਦਿਲ ਨੂੰ ਵੀ, ਧੜਕਣ ਰਹਿਤ ਬਣਾ ਜਾਵੇ।
ਇਹ ਪੀੜਾ ਦਾਤ ਨੂੰ ਪਿਆਰ ਕਰੇ, ਇਹ ਪੀੜਾ ਦਾਤੇ ਤੋਂ ਦੂਰ ਕਰੇ।
ਦਰਦ ਸਹਿਤ ਇਕ ਪੀੜਾ ਤੋਂ, ਦਰਦ ਰਹਿਤ ਇਕ ਪੀੜਾ ਤੱਕ,
ਤੁਰ ਜਾਣ ਦਾ ਇਕ ਸੁਪਨਾ ਹੈ।
ਸੁਪਨਾ ਹੈ ਉਸ ਸਾਕਾਰ ਕਰਨਾ, ਜੋ ਪ੍ਰੇਮ ਵਿਸਮਾਦ ਦਾ ਦਾਤਾ ਹੈ।
ਜੋ ਕਹਿੰਦਾ ਹੈ ਪ੍ਰੇਮ ਸਮੁੰਦ ਹਾਂ ਮੈਂ, ਮੈਂ ਪ੍ਰੇਮੀ ਨੂੰ ਸਮਾਉਂਦਾ ਹਾਂ।
ਪਰ ਇਹ ਪ੍ਰੇਮ ਨਹੀਂ ਕਿਸੇ ਵਿਸ਼ੇਸ਼ ਲਈ, ਇਹ ਪ੍ਰੇਮ ਹੈ ਸਮੁੱਚੀ ਕਾਇਨਾਤ ਨਾਲ।
ਇਹ ਪ੍ਰੇਮ ਹੈ, ਸਮੁੱਚਾ ਬ੍ਰਿਛ ਲਈ।
ਜੇ ਹੁੰਦਾ ਪ੍ਰੇਮ ਇਕ ਪੱਤੇ ਲਈ, ਫਿਰ ਬਾਕੀ ਪੱਤਿਆਂ ਦਾ ਕੀ ਬਣਦਾ।
ਫਿਰ ਉਨ੍ਹਾਂ ਟਾਹਣੀਆਂ ਦਾ ਕੀ ਬਣਦਾ, ਜਿਸ ਉੱਤੇ ਪੱਤੇ ਜੀਂਵਦੇ ਨੇ।
ਫਿਰ ਉਨ੍ਹਾਂ ਟਹਿਣਿਆਂ ਦਾ ਕੀ ਬਣਦਾ, ਜਿਨ੍ਹਾਂ ਉੱਤੇ ਟਾਹਣੀਆਂ ਉੱਗੀਆਂ ਨੇ।
ਫਿਰ ਉਸ ਸੱਕ ਦਾ ਕੀ ਬਣਦਾ, ਜੋ ਰੱਖਿਆ ਕਰੇ ਟਾਹਣਿਆਂ ਦੀ।
ਫਿਰ ਉਨ੍ਹਾਂ ਜੜ੍ਹਾਂ ਦਾ ਕੀ ਬਣਦਾ, ਜੋ ਖ਼ੁਰਾਕ ਪਹੁੰਚਾਉਂਦੀਆਂ ਇਨ੍ਹਾਂ ਨੂੰ।
ਫਿਰ ਉਸ ਮਿੱਟੀ ਦਾ ਕੀ ਬਣਦਾ, ਜਿਸ ਨੇ ਜੜ੍ਹਾਂ ਸਮੋਈਆਂ ਹਨ।
ਜ਼ੱਰੇ ਜ਼ੱਰੇ 'ਚ ਪ੍ਰੇਮ ਸਮੋਇਆ ਹੈ, ਪ੍ਰੇਮ ਵਿਹੂਣਾ ਕੋਈ ਨਹੀਂ।
ਨਫ਼ਰਤ ਕਿਉਂ ਪੈ ਰਹੇ ਪੀਲੇ ਪੱਤੇ ਨੂੰ, ਇਹ ਤਾਂ ਪ੍ਰੇਮ ਵਿਗੁੱਚਾ ਹੈ।
ਨਫ਼ਰਤ ਕਿਉਂ ਮੁਰਝਾਈ ਟਾਹਣੀ ਨੂੰ, ਇਹ ਤਾਂ ਪ੍ਰੇਮ ਪਿਆਰੀ ਹੈ।
ਦੁਸ਼ਮਣੀ ਦੀ ਇਕ ਸੂਖਮ ਤਰੰਗ ਵੀ, ਪ੍ਰੇਮ ਅਧੂਰਾ ਕਰ ਜਾਂਦੀ।
ਪ੍ਰੇਮੀ ਤੋਂ ਦੂਰੀ ਪਾ ਜਾਂਦੀ, ਦੇ ਜਾਂਦੀ ਪੀੜਾ ਦਰਦ ਭਰੀ।
ਨਫ਼ਰਤ ਦੀ ਸੂਖਮ ਇਕ ਤਰੰਗ ਵੀ, ਪ੍ਰੇਮ ਸੂਰਜ ਨੂੰ ਗ੍ਰਹਿਣ ਲਾ ਜਾਂਦੀ।
ਇਕ ਸੁਣੀ ਅਰਦਾਸ ਪਿਆਰੇ ਤੂੰ, ਕਰਾਂ ਨਾ ਅਧੂਰਾ ਪ੍ਰੇਮ ਮੈਂ।
ਝੋਲੀ ਪਾ ਤੂੰ ਪੂਰਨ ਪ੍ਰੇਮ ਮੇਰੀ,
ਪ੍ਰੇਮ ਨਦੀ ਤੋਂ ਪ੍ਰੇਮ ਸਮੁੰਦ ਤਾਈਂ, ਇਸ ਬੂੰਦ ਨੂੰ ਸਮਾ ਲੈ ਤੂੰ।
ਨਾਸ਼ਵਾਨ ਮੇਰੀ ਹੋਂਦ ਨੂੰ, ਸਮਾ ਲੈ ਆਪਣੀ ਸਦੀਵੀ ਹੋਂਦ 'ਚ ਤੂੰ।

**-ਮਨਜੀਤ ਸਿੰਘ, ਸ੍ਰੀ ਅੰਮ੍ਰਿਤਸਰ।**




# ਆਪਣੀਆਂ ਜੜ੍ਹਾਂ ਵੱਲ ਮੁੜਨਾ ਜ਼ਰੂਰੀ

ਐਡਵੋਕੇਟ ਜਸਪਾਲ ਸਿੰਘ ਮੰਝਪੁਰ

ਕੋਈ ਵੀ ਰੁੱਖ ਦੇਖਣ ਨੂੰ ਭਾਵੇਂ ਕਿੰਨਾ ਵੀ ਸੋਹਣਾ ਜਾਂ ਸੁਡੌਲ ਕਿਉਂ ਨਾ ਹੋਵੇ ਪਰ ਅਸਲ ਮਜ਼ਬੂਤੀ ਉਸ ਦੀਆਂ ਜੜ੍ਹਾਂ ਦੀ ਧਰਤੀ ਵਿਚ ਡੂੰਘਾਈ ਅਤੇ ਧਰਤੀ ਦੀ ਪਕੜ ਨਾਲ ਹੁੰਦੀ ਹੈ। ਖੋਖਲੀਆਂ ਜੜ੍ਹਾਂ ਜਾਂ ਉਪਰਲੀ ਪਰਤ ਵਿਚਲੀਆਂ ਜੜ੍ਹਾਂ ਵਾਲੇ ਰੁੱਖ ਭਾਦਰੋਂ ਦੀ ਪਹਿਲੀ ਹਨੇਰੀ ਵਿਚ ਹੀ ਮੂਧੇ ਮੂੰਹ ਪਏ ਹੁੰਦੇ ਹਨ।

ਗੁਰੂ ਨਾਨਕ ਪਾਤਸ਼ਾਹ ਦੇ ਹਰ ਸਿੱਖ ਦਾ ਇਸ ਗੱਲ ਵਿਚ ਪੱਕਾ ਯਕੀਨ ਹੈ ਕਿ ਗੁਰੂ ਨਾਨਕ ਦੀ ਸਿੱਖੀ ਦੇ ਰੁੱਖ ਦੀਆਂ ਜੜ੍ਹਾਂ ਉਸ 'ਧਰਮ ਧਰਤੀ' ਵਿਚ ਡੂੰਘੀਆਂ ਲੱਗੀਆਂ ਹੋਈਆਂ ਹਨ, ਜਿਸ ਧਰਮ ਦਾ ਜਨਮ ਦਇਆ ਵਿਚੋਂ ਹੋਇਆ ਹੈ ਅਤੇ ਇਸ ਦੀ ਹੋਂਦ ਸਦੀਵ ਹੈ। ਇਹ ਰੁੱਖ ਘਣਛਾਵਾਂ ਬਣ ਕੇ ਸਰਬੱਤ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਤਪਦੀ ਤ੍ਰਿਸ਼ਨਾ ਦੀ ਗਰਮੀ ਅਤੇ ਵਿਕਾਰਾਂ ਦੇ ਸੇਕ ਤੋਂ ਬਚਾਅ ਰਿਹਾ ਹੈ। ਇਸ ਰੁੱਖ ਉਪਰ ਕਈ ਸੰਪਰਦਾਵਾਂ, ਡੇਰਿਆਂ, ਸੰਸਥਾਵਾਂ ਆਦਿ ਨੇ ਆਪਣੇ ਪੱਕੇ ਆਲ੍ਹਣੇ ਵੀ ਬਣਾਏ ਹੋਏ ਹਨ, ਜੋ ਆਪਣੀ ਰੋਜ਼ੀ-ਰੋਟੀ ਤਾਂ ਇਸ ਰੁੱਖ ਤੋਂ ਹੀ ਚਲਾਉਂਦੇ ਹਨ ਪਰ ਰੁੱਖ ਨੂੰ ਪਲੀਤ ਵੀ ਕਰਦੇ ਹਨ ਅਤੇ ਅਕਸਰ ਦੇਖਣ ਵਿਚ ਆਇਆ ਹੈ ਕਿ ਜਦੋਂ ਕੋਈ ਇਸ ਰੁੱਖ ਨੂੰ ਵੱਢਣ ਜਾਂ ਨੁਕਸਾਨ ਪਹੁੰਚਾਉਣ ਆਉਂਦਾ ਹੈ ਤਾਂ ਰੁੱਖ ਤੋਂ ਇਹ ਝੱਟ ਉਡਾਰੀ ਮਾਰ ਜਾਂਦੇ ਹਨ। ਕਈ ਤਾਂ ਇਸ ਰੁੱਖ ਦੀ ਕੇਵਲ ਛਾਂ ਮਾਣਨ ਲਈ ਆਏ ਹੀ ਇਸ ਰੁੱਖ ਦੇ ਹੀ ਹੋ ਗਏ ਅਤੇ ਆਪਣਾ ਸਾਰਾ ਕੁਝ ਇਸ ਰੁੱਖ ਲਈ ਅਰਪਣ ਕਰ ਦਿੱਤਾ। ਇਹ ਰੁੱਖ ਤਾਂ ਆਪਣੇ ਵੱਢਣ ਵਾਲਿਆਂ ਨੂੰ ਵੀ ਛਾਂ ਦੇਣ ਤੋਂ ਵੀ ਕਦੀਂ ਇਨਕਾਰੀ ਨਹੀਂ ਹੋਇਆ ਪਰ ਇਸ ਨੂੰ ਪੂਰੀ ਤਰ੍ਹਾਂ ਛਾਂਗਣ ਤੋਂ ਬਾਅਦ ਇਸ ਤੋਂ ਛਾਂ ਦੀ ਉਮੀਦ ਕਰਨ ਵਾਲਿਆਂ ਨੂੰ ਮੂਰਖ ਹੀ ਆਖਿਆ ਜਾ ਸਕਦਾ ਹੈ। ਇਸ ਰੁੱਖ ਨੂੰ ਕਈ ਵਾਰ ਛਾਂਗਿਆ ਵੀ ਗਿਆ ਅਤੇ ਕਈ ਵਾਰ ਇਸ ਦੀਆਂ ਜੜ੍ਹਾਂ ਨੂੰ ਵੀ ਹੱਥ ਪਾਇਆ ਗਿਆ ਪਰ ਦੋਖੀਆਂ ਨੂੰ ਸਫਲਤਾ ਨਾ ਮਿਲੀ ਅਤੇ ਇਹ ਰੁੱਖ ਸਮਾਂ ਰਹਿੰਦਿਆਂ ਫਿਰ ਫਲਿਆ-ਫੁੱਲਿਆ ਅਤੇ ਸਰਬੱਤ ਦੇ ਭਲੇ ਲਈ ਛਾਂ ਦੇਣ ਲੱਗਾ।

ਸਮੇਂ ਤੇ ਰੁੱਤਾਂ ਮੁਤਾਬਕ ਇਸ ਰੁੱਖ ਵਿਚ ਵੀ ਬਦਲਾਅ ਆਉਂਦੇ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਗੁਰੂ ਪੰਥ ਨੇ ਇਸ ਰੁੱਖ ਦਾ ਰਾਜ ਲਿਆਂਦਾ ਤਾਂ ਵਾਹੀਕਾਰਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਮਿਲੇ। ਲਹੂ ਚੂਸਣ ਵਾਲਿਆਂ ਨੂੰ ਡੰਢ ਭਰਨੇ ਪਏ। ਸਰਬੱਤ ਦੇ ਭਲੇ ਲਈ ਹਰ ਤਰ੍ਹਾਂ ਦੇ ਭੇਦ-ਭਾਵ ਮਿਟਾਉਣ ਲਈ ਉਪਰਾਲੇ ਕੀਤੇ ਗਏ ਪਰ ਛੇਤੀ ਹੀ ਦੋਖੀਆਂ ਨੇ ਇਸ ਰਾਜ-ਪ੍ਰਬੰਧ ਨੂੰ ਖ਼ਤਮ ਕਰਕੇ ਇਸ ਰੁੱਖ ਦੇ ਰਾਖਿਆਂ ਉਪਰ ਜ਼ੁਲਮ ਦੀ ਹਨੇਰੀ ਵਗਾ ਦਿੱਤੀ ਅਤੇ ਇਸ ਰੁੱਖ ਨੂੰ ਪਾਣੀ ਦਾ ਪ੍ਰਵਾਹ ਬੰਦ ਕਰ ਦਿੱਤਾ ਪਰ ਇਸ ਰੁੱਖ ਦੇ ਰਾਖਿਆਂ ਨੇ ਆਪਣੇ ਲਹੂ ਨਾਲ ਰੁੱਖ ਨੂੰ ਸਿੰਜਣਾ ਕੀਤਾ ਅਤੇ ਇਸ ਰੁੱਖ ਨੇ ਉਨ੍ਹਾਂ ਮਰਜੀਵੜਿਆਂ ਨੂੰ ਆਪਣੀ ਗੋਦ ਵਿਚ ਲੈ ਲਿਆ ਅਤੇ ਉਹ ਸਾਰੇ 'ਸ਼ਹੀਦ' ਪਦਵੀ ਨਾਲ ਨਿਵਾਜੇ ਗਏ। ਅੰਤ ਇਨ੍ਹਾਂ ਸ਼ਹੀਦਾਂ ਦੀ ਰੱਤ ਕੰਮ ਆਈ ਤੇ ਖ਼ਾਲਸਾ ਰਾਜ ਸਥਾਪਤ ਹੋਇਆ, ਜਿਸ ਵਿਚ ਇਸ ਰੁੱਖ ਦੀ ਆਨ-ਬਾਨ-ਸ਼ਾਨ ਦੇਖਦਿਆਂ ਹੀ ਬਣਦੀ ਸੀ। ਰੁੱਖ ਦੀਆਂ ਛਾਵਾਂ ਦੀ ਧਾਂਕ ਦੁਨੀਆ ਦੇ ਕੋਨੇ-ਕੋਨੇ ਤੱਕ ਪੁੱਜੀ ਪਰ ਹੁਣ ਰੁੱਖ ਨੂੰ ਉਨ੍ਹਾਂ



ਕੁਹਾੜਿਆਂ ਨੇ ਵੱਢਿਆ ਜਿਨ੍ਹਾਂ ਵਿਚ ਦਸਤੇ ਇਸ ਰੁੱਖ ਦੀ ਲੱਕੜੀ ਤੋਂ ਹੀ ਬਣੇ ਦੱਸੀਦੇ ਹਨ ਅਤੇ ਇਨ੍ਹਾਂ ਆਪਣੀ ਲੱਕੜੀ ਤੋਂ ਬਣੇ ਦਸਤਿਆਂ ਵਾਲਿਆਂ ਕੁਹਾੜਿਆਂ ਦਾ ਕੰਮ ਅਜੇ ਵੀ ਜਾਰੀ ਹੈ। ਇਸ ਸਮੇਂ ਦੌਰਾਨ ਹੀ ਰੁੱਖ ਦੀਆਂ ਜੜ੍ਹਾਂ ਉੱਤੇ ਵੀ ਹਮਲੇ ਕਰਨੇ ਸ਼ੁਰੂ ਕੀਤੇ ਗਏ ਪਰ ੫੫੦ ਸਾਲ ਤੋਂ ਉਪਰ ਦਾ ਸਮਾਂ ਹੋਣ ਕਾਰਨ ਰੁੱਖ ਨੇ ਆਪਣੀਆਂ ਜੜ੍ਹਾਂ ਹੋਰਨਾਂ ਖਿੱਤਿਆਂ ਅਤੇ ਸਮੁੰਦਰੋਂ ਪਾਰ ਤੱਕ ਫੈਲਾਅ ਦਿੱਤੀਆਂ ਹਨ ਅਤੇ ਉਨ੍ਹਾਂ ਥਾਵਾਂ ਉਪਰ ਵੀ ਛੋਟੇ-ਛੋਟੇ ਰੁੱਖ ਨਿਕਲ ਆਏ ਹਨ, ਜੋ ਭੂਗੋਲਿਕ ਤੌਰ ’ਤੇ ਤਾਂ ਆਪਣੇ ਮੂਲ ਤੋਂ ਦੂਰ ਹਨ ਪਰ ਜੜ੍ਹ ਰੂਪ ਵਿਚ ਨਾਲ ਹੀ ਜੁੜੇ ਹੋਏ ਹਨ। ਉਨ੍ਹਾਂ ਦੀ ਆਪਣੀ ਹੋਂਦ ਹੁੰਦੀ ਹੋਈ ਵੀ ਕੋਈ ਹੋਂਦ ਨਹੀਂ, ਜੇਕਰ ਮੂਲ ਰੁੱਖ ਦੀਆਂ ਜੜ੍ਹਾਂ ਤੋਂ ਵੱਖ ਹੋਣ ਦਾ ਯਤਨ ਕਰਨਗੇ ਜਾਂ ਕੀਤੇ ਜਾਣਗੇ। ਇਸ ਘਣਛਾਵੇਂ ਰੁੱਖ ਨੂੰ ਹੁਣ ਬਹੁਤਾ ਖ਼ਤਰਾ ਇਸ ਦੇ ਅਖੌਤੀ ਰਾਖਿਆਂ ਤੋਂ ਹੀ ਬਣਿਆ ਹੋਇਆ ਹੈ।

ਕਈ ਰਾਖੇ ਤਾਂ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਕਿ ਇਸ ਰੁੱਖ ਦੀਆਂ ਜੜ੍ਹਾਂ ਐਨੀਆਂ ਡੂੰਘੀਆਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਮੂਰਖਾਂ ਨੇ ਇਸ ਦੀਆਂ ਜੜ੍ਹਾਂ ਫਰੋਲਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ ਕਿ ਇਹ ਕਿੰਨੀਆਂ ਡੂੰਘੀਆਂ ਹਨ ਅਤੇ ਕਿੱਧਰ-ਕਿੱਧਰ ਨੂੰ ਜਾ ਰਹੀਆਂ ਹਨ। ਇਨ੍ਹਾਂ ਤਰਕ ਦੇ ਕਰਿੰਦਿਆਂ ਨੇ ਜੜ੍ਹਾਂ ਉਪਰ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਇਹ ਇਸ ਰੁੱਖ ਦੀਆਂ ਜੜ੍ਹਾਂ ਹਨ ਵੀ ਕਿ ਨਹੀਂ? ਜਿਹੜਾ ਕੰਮ ਦੁਸ਼ਮਣ ਨੇ ਨਹੀਂ ਸੀ ਕੀਤਾ ਉਹ ਅਸੀਂ ਆਪ ਹੀ ਛੇੜ ਲਿਆ ਹੈ ਅਤੇ ਧਰਮ ਦੀ ਮਿੱਟੀ ਪੁੱਟ-ਪੁੱਟ ਕੇ ਜੜ੍ਹਾਂ ਦੇਖਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਸਾਨੂੰ ਗੁਰੂ ਸਾਹਿਬਾਨ ਅਤੇ ਰੁੱਖ ਦੇ ਰਾਖੇ ਸ਼ਹੀਦਾਂ ਉਪਰ ਅਤੇ ਉਨ੍ਹਾਂ ਦੇ ਬਚਨਾਂ ਉਪਰ ਸ਼ਾਇਦ ਭਰੋਸਾ ਹੀ ਨਹੀਂ ਰਿਹਾ? ਅਰਦਾਸ ਵਿਚ ‘ਭਰੋਸਾ ਦਾਨ’ ਮੰਗਦੇ ਤਾਂ ਹਾਂ ਪਰ ਗੁਰੂ ਪਾਸੋਂ ਮੰਗਣ ਵਿਚ ਹੀ ‘ਭਰੋਸਾ’ ਨਹੀਂ ਰਿਹਾ ਤਾਂ ਇਹ ਕਿਵੇਂ ਮਿਲੂ?

ਅਧਿਆਤਮਕ ਜੀਵਨ ਵਿਚ ਸਵਾਲਾਂ ਦੇ ਜਵਾਬ ਕਿਸੇ ਵਿਅਕਤੀ ਕੋਲੋਂ ਲੈਣ ਨਾਲ ਅਧਿਆਤਮਕ ਜੀਵਨ ਦਾ ਮਾਰਗ ਨਹੀਂ ਮਿਲਦਾ, ਸਗੋਂ ਗੁਰੂ, ਭਗਤਾਂ ਤੇ ਸ਼ਹੀਦਾਂ ਦੇ ਬਚਨ ਸੁਣ ਕੇ, ਮੰਨ ਕੇ, ਚੱਲਣ ਨਾਲ ਆਪਣੇ ਅੰਦਰੋਂ ਹੀ ਸਵਾਲਾਂ ਦੇ ਜਵਾਬ ਮਿਲਣ ਲੱਗਣ ਤਾਂ ਹੀ ਆਤਮਕ ਜੀਵਨ ਦੀ ਸੋਝੀ ਅਤੇ ਅਰਦਾਸ ਵਿਚ ਮੰਗੇ ਜਾਂਦੇ ਦਾਨ ਮਿਲਦੇ ਹਨ। ਇਹ ਗੱਲ ਸੱਚ ਹੈ ਕਿ ਰੁੱਖ ਦੀਆਂ ਜੜ੍ਹਾਂ ਵਿਚ ਸਿਉਂਕ ਦਾ ਹਮਲਾ ਵੀ ਰਹਿੰਦਾ ਹੈ ਪਰ ਸ਼ਹੀਦਾਂ ਦੀ ਰੱਤ ਨੇ ਇਸ ਸਿਉਂਕ ਨੂੰ ਕਦੇ ਕੋਈ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ ਪਰ ਹੁਣ ਇਸ ਸਿਉਂਕ ਦਾ ਹਮਲਾ ਵੱਧ ਲੱਗਦਾ ਹੈ ਕਿਉਂਕਿ ਸ਼ਹੀਦੀ ਦਾ ਨਿਰਛਲ ਲਹੂ ਇਸ ਰੁੱਖ ਦੀਆਂ ਜੜ੍ਹਾਂ ਵਿਚ ਪਾਇਆਂ ਸਮਾਂ ਹੋ ਗਿਆ ਹੈ।

ਸਾਡੇ ਇਸ ਰੁੱਖ ਦੀਆਂ ਜੜ੍ਹਾਂ ਕੀ ਹਨ? ਮੂਲ ਜੜ੍ਹ ਤਾਂ ‘ਦਇਆ’ ਦੀ ਹੈ ਜਿਸ ਵਿਚੋਂ ਧਰਮ ਰੂਪੀ ਰੁੱਖ ਉਪਜਿਆ ਹੈ। ਇਸ ਨਾਲ ਹੀ ‘ਸਤੁ, ਸੰਤੋਖ ਤੇ ਵਿਚਾਰ’ ਵੀ ਜੜ੍ਹਾਂ ਦਾ ਹਿੱਸਾ ਹੈ। ‘ਜਪ, ਤਪ, ਹਠ ਤੇ ਸੰਜਮ’ ਵੀ ਸਾਡੀਆਂ ਜੜ੍ਹਾਂ ਹਨ ਅਤੇ ਇਨ੍ਹਾਂ ਨੂੰ ਸੇਵਾ-ਸਿਮਰਨ ਅਤੇ ਗੁਰੂਆਂ ਦੇ ਬਚਨ ਤੇ ਗੁਰੂ ਉਪਰ ਭਰੋਸੇ ਦੀ ਆਬ ਮਿਲਣੀ ਸਦਾ ਜ਼ਰੂਰੀ ਹੈ, ਜਿਸ ਵਿਚੋਂ ‘ਤਿਆਗ, ਨਿਮਰਤਾ, ਸਹਿਜਤਾ ਤੇ ਨਿਰਛਲਤਾ’ ਉਪਜਦੀ ਹੈ। ਬਾਕੀ ਸਾਰਾ ਕੁਝ ਜਿਵੇਂ ਕਿ ਬਾਹਰੀ ਸਰੂਪ, ਸਰੀਰਕ ਸੁਡੌਲਤਾ, ਬਾਣਾ, ਜੁਝਾਰੂਪਣ ਆਦਿ ਤਾਂ ਇਸ ਰੁੱਖ ਦੇ ਟਾਹਣੀਆਂ, ਪੱਤੇ, ਫੁੱਲ, ਫਲ ਇਤਿਆਦਿਕ ਹਨ।

ਹਰੇਕ ਸਿੱਖ ਵੀ ਇਕ ਰੁੱਖ ਦੀ ਨਿਆਈ ਮੰਨੀਏ ਤਾਂ ਰੁੱਖ ਦੀ ਬਾਹਰੀ ਦਿੱਖ ਦੀ ਸੁੰਦਰਤਾ ਤਾਂ ਆਉਂਦੀ-ਜਾਂਦੀ ਰਹਿੰਦੀ ਹੈ ਪਰ ਜਿੰਨਾਂ ਚਿਰ ਤੱਕ ਇਹ ਰੁੱਖ ਅਣਦਿਸਦੀਆਂ ਜੜ੍ਹਾਂ ਰੂਪੀ ਗੁਣਾਂ ਨਾਲ ਭਰਪੂਰ ਹੈ ਤਾਂ ਇਸ ਰੁੱਖ ਨੂੰ ਕੋਈ ਨੁਕਸਾਨ ਨਹੀਂ। ਕਿਸੇ ਰੁੱਖ ਦੇ ਫਲ-ਫੁੱਲ-ਪੱਤੇ ਵੀ ਅੰਦਰੂਨੀ ਜੜ੍ਹਾਂ ਮੁਤਾਬਕ ਹੀ ਹੁੰਦੇ ਹਨ। ਸਾਡੀਆਂ ਜੜ੍ਹਾਂ ਜੇਕਰ ਦਇਆ, ਸਤੁ, ਸੰਤੋਖ, ਵਿਚਾਰ, ਜਪ, ਤਪ, ਹਠ, ਸੰਜਮ, ਸੇਵਾ-ਸਿਮਰਨ, ਤਿਆਗ, ਨਿਮਰਤਾ, ਸਹਿਜਤਾ, ਨਿਰਛਲਤਾ ਅਤੇ ਗੁਰੂ ਸਾਹਿਬਾਨ ਦੇ ਬਚਨਾਂ ਉਪਰ ਭਰੋਸਾ ਆਦਿ ਸਦਗੁਣ ਹਨ ਤਾਂ ਹੀ ਸਾਡੇ ਫਲ-ਫੁੱਲ-ਪੱਤੇ ਅਤੇ ਟਾਹਣੀਆਂ ਲੋਕਾਈ ਨੂੰ ਛਾਂ ਦੇ ਸਕਣਗੇ ਅਤੇ ਅਸੀਂ ਸਰਬੱਤ ਦੇ ਭਲੇ ਲਈ ਸਹੀ ਕਾਰਜ ਕਰ ਸਕਾਂਗੇ।

ਅੱਜ ਲੋੜ ਹੈ ਕਿ ਅਸੀਂ ਆਪਣੇ ਆਪੇ ਨੂੰ ਸੰਕੋਚ ਕੇ, ਬਾਹਰੀ ਵਰਤਾਰੇ ਤੋਂ ਬਚਦੇ ਹੋਏ ‘ਆਪਣੀਆਂ ਜੜ੍ਹਾਂ ਵੱਲ ਨੂੰ ਮੁੜੀਏ’ ਜਿੱਥੇ ਸਾਡੇ ਲਈ ਪਿਓ-ਦਾਦੇ ਦਾ ਗੁਣਾਂ ਨਾਲ ਭਰਪੂਰ ਖ਼ਜ਼ਾਨਾ ਪਿਆ ਹੈ ਜੋ ਹੀ ਸਾਡੀ ਅਸਲ ਪੂੰਜੀ ਹੈ, ਉਸ ਤੋਂ ਬਿਨਾਂ ਹੋਰ ਦੁਨਿਆਵੀ ਮਾਇਆ, ਸ਼ੋਹਰਤ ਤੇ ਦੁਨਿਆਵੀ ਚੌਧਰਾਂ ਦੀ ਭੁੱਖ ਨਾਲ ਅਸੀਂ ਵਿਕਾਰਾਂ ਅਧੀਨ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਹਾਂ।

ਗੁਰੂ ਨਾਨਕ ਪਾਤਸ਼ਾਹ ਦੇ ਇਸ ਰੁੱਖ ਦੀ ਛਾਂ ਮਾਣੀਏ ਤੇ ਹੋਰਨਾਂ ਨੂੰ ਵੀ ਇਸ ਦੀ ਛਤਰ-ਛਾਇਆ ਹੇਠ ਲਿਆਈਏ ਪਰ ਗੁਰੂ ਨਾਨਕ ਦੇ ਘਰ ਦੇ ਗੋਲਿਆਂ ਦਾ ਇਹ ਕੰਮ ਨਹੀਂ ਕਿ ਆਪਣੀਆਂ ਜੜ੍ਹਾਂ ਦੀ ਹੀ ਫਰੋਲਾ-ਫਰਾਲੀ ਸ਼ੁਰੂ ਕਰ ਦੇਈਏ ਸਗੋਂ ਇਨ੍ਹਾਂ ਜੜ੍ਹਾਂ ਦੀ ਜਿੱਥੇ ਰਾਖੀ ਕਰੀਏ, ਉੱਥੇ ਆਪਣਾ ਆਪਾ ਗਵਾ ਕੇ ਇਨ੍ਹਾਂ ਜੜ੍ਹਾਂ ਦਾ ਹੀ ਹਿੱਸਾ ਬਣੀਏ ਤਾਂ ਜੋ ‘ਜਲੰਦੇ ਜਗਤ’ ਨੂੰ ਰੱਖਿਆ ਜਾ ਸਕੇ।

ਆਓ! ਅਕਾਲ ਪੁਰਖ ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਸਾਨੂੰ ਸਦਗੁਣਾਂ ਦੀ ਬਖ਼ਸ਼ਿਸ਼ ਕਰੇ ਤਾਂ ਜੋ ਅਸੀਂ ਆਪਣੇ ਆਪ ਨੂੰ ਪਛਾਣ ਕੇ ਗੁਰੂ ਨਾਨਕ ਪਾਤਸ਼ਾਹ ਦੇ ਇਸ ਰੁੱਖ ਦਾ ਅਨਿੱਖੜਵਾਂ ਅੰਗ ਬਣਨ ਦੇ ਕਾਬਲ ਹੋ ਸਕੀਏ।

ਫ਼ੋਨ: 98554-01843.

# ਪਹਿਲੇ ਪੰਗਤ ਪਾਛੈ ਸੰਗਤ

**ਡਾ. ਸਰਬਜੋਤ ਕੌਰ, ਲੁਧਿਆਣਾ**

ਮਾਨਵ-ਜਾਤੀ ਦੀ ਏਕਤਾ, ਸਮਾਨਤਾ ਤੇ ਸ਼ਕਤੀ ਦੀ ਸਭ ਤੋਂ ਵੱਡੀ ਦੁਸ਼ਮਣ 'ਵਰਣ-ਵੰਡ' ਰਹੀ ਹੈ। 'ਸਭ ਮਹਿ ਜੋਤਿ ਜੋਤਿ ਹੈ ਸੋਇ' ਵਿਚਾਰ ਦੇ ਧਾਰਨੀ ਸਿੱਖ ਧਰਮ ਨੇ ਹੋਂਦ ਵਿਚ ਆਉਂਦਿਆਂ ਹੀ ਇਸ 'ਵੱਡੇ ਦੁਸ਼ਮਣ' ਦਾ ਦਲੇਰੀ ਨਾਲ ਮੁਕਾਬਲਾ ਕਰਨਾ ਆਰੰਭ ਕਰ ਦਿੱਤਾ। ਬ੍ਰਾਹਮਣਵਾਦ ਦੀ ਤਕਸੀਮ ਵਾਲੀ ਬਿਰਤੀ ਨੇ ਦੇਵੀ ਦੇਵਤੇ ਵੰਡੇ ਹੋਏ ਸਨ, ਧਰਮ ਅਸਥਾਨ ਵੰਡੇ ਹੋਏ ਸਨ, ਪੂਜਾ ਢੰਗ ਵੰਡੇ ਹੋਏ ਸਨ। ਸ਼ੂਦਰ ਦੇ ਹੱਥ ਦਾ ਖਾਣਾ ਪੀਣਾ ਤਾਂ ਇਕ ਪਾਸੇ ਉਸ ਦੇ ਪਰਛਾਵੇਂ, ਇਥੋਂ ਤੱਕ ਕਿ ਨਜ਼ਰ ਨਾਲ ਵੀ ਭਿੱਟ ਹੁੰਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਚਲਾਇਆ। ਜਾਤ-ਪਾਤ ਦੇ ਵਰਣ ਆਸ਼ਰਮ ਦੇ ਵਿਤਕਰਿਆਂ ਦਾ ਪੂਰਨ ਖੰਡਨ ਅਤੇ ਸਰਬ-ਸਾਂਝੀਵਾਲਤਾ, ਏਕਤਾ ਅਤੇ ਬਰਾਬਰੀ ਦੇ ਸਿਧਾਂਤਾਂ ਦਾ ਕੇਵਲ ਜ਼ੁਬਾਨੀ ਪ੍ਰਚਾਰ ਕਰਨ ਦੀ ਥਾਂ ਅਮਲੀ ਇਨਕਲਾਬੀ ਕਦਮ ਚੁੱਕੇ। ਆਪਣਾ ਸਾਥੀ ਅਖੌਤੀ ਨੀਵੀਂ ਜਾਤ ਦਾ ਮਰਦਾਨਾ ਬਣਾਇਆ। ਜੇ ਕੋਈ ਪੁੱਛਦਾ ਇਹ ਕੌਣ ਹੈ ਤਾਂ ਜੁਆਬ ਮਿਲਦਾ, 'ਇਹ ਮੇਰਾ ਭਾਈ ਹੈ।'

ਜਾਤ ਪਾਤ ਦੇ ਪਾੜੇ ਨੂੰ ਦੂਰ ਕਰਨ ਲਈ ਅਗਲਾ ਕਦਮ ਲੰਗਰ ਪ੍ਰਥਾ ਨੂੰ ਆਰੰਭ ਕਰਨਾ ਸੀ। ਪਹਿਲੀ ਉਦਾਸੀ ਤੋਂ ਬਾਅਦ ਜਦ ਆਪ ਨੇ ਰਾਵੀ ਦੇ ਕੰਢੇ ਆ ਟਿਕਾਣਾ ਕੀਤਾ ਤਾਂ ਉਥੋਂ ਦੇ ਇਕ ਸਰਦਾਰ, ਜਿਸ ਦਾ ਨਾਂਅ 'ਕ੍ਰੋੜੀਆ' ਸੀ, ਨੇ ਗੁਰੂ ਜੀ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਪਰ ਦਰਸ਼ਨ ਕਰਦਿਆਂ ਹੀ ਜਨਮਾਂ-ਜਨਮਾਂਤਰਾਂ ਦੀ ਐਸੀ ਭੁੱਖ ਲੱਥੀ ਕਿ ਮੁੜ ਗੁਰੂ ਦਾ ਹੀ ਹੋ ਕੇ ਰਹਿ ਗਿਆ। ਉਸ ਦੀ ਬੇਨਤੀ 'ਤੇ ਉਥੇ ਇਕ ਧਰਮਸ਼ਾਲਾ ਬਣਵਾਈ ਗਈ ਤੇ ਅੰਨ-ਪਾਣੀ ਦੀ ਦੇਗ ਟੁਰੀ। ਧਰਮਸ਼ਾਲ ਵਾਲੇ ਟਿਕਾਣੇ ਦਾ ਨਾਉਂ 'ਕਰਤਾਰਪੁਰ' ਪਿਆ ਤੇ ਦੇਗ ਦਾ ਨਾਂ 'ਗੁਰੂ ਕਾ ਲੰਗਰ' ਪ੍ਰਸਿੱਧ ਹੋਇਆ। 'ਲੰਗਰ' ਸ਼ਬਦ ਉਸ ਅੰਨਸ਼ਾਲਾ ਲਈ ਵਰਤਿਆ ਗਿਆ ਜੋ ਬੇਕਸਾਂ, ਬੇਸਹਾਰੇ, ਗਰੀਬਾਂ, ਲੋੜਵੰਦਾਂ ਦੇ ਅੰਨ ਦਾ ਸਹਾਰਾ ਹੋਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਪ੍ਰਥਾ ਨੂੰ ਕਾਇਮ ਰੱਖਿਆ। ਲੰਗਰ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਨੇ ਆਪਣੀ ਪਵਿੱਤਰ ਆਤਮਾ ਸੁਪਤਨੀ ਮਾਤਾ ਖੀਵੀ ਜੀ ਨੂੰ ਸੌਂਪੀ ਹੋਈ ਸੀ। ਮਾਤਾ ਜੀ ਲੰਗਰ ਦੀ ਸੇਵਾ ਜਿਸ ਪ੍ਰੇਮ ਭਾਵਨਾ ਨਾਲ ਕਰਦੇ ਸਨ ਉਸ ਦਾ ਜ਼ਿਕਰ ਸੱਤੇ ਬਲਵੰਡ ਦੀ ਵਾਰ, ਜੋ ਰਾਮਕਲੀ ਰਾਗ ਵਿਚ ਹੈ, ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**

**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥...॥੩॥ ( ॥੮॥੧॥)**

**(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ : ੯੬੭)**

ਅਰਥਾਤ ਮਾਤਾ ਖੀਵੀ ਜੀ ਇਕ ਨੇਕ ਸ਼ਖ਼ਸੀਅਤ ਸਨ ਤੇ ਉਨ੍ਹਾਂ ਦੀ ਪਿਆਰ ਰੂਪੀ ਛਾਂ ਸੰਘਣੇ ਪੱਤਿਆਂ ਵਾਲੇ ਰੁੱਖ ਵਰਗੀ ਸੀ। ਛਾਂ ਨਾਲ ਤਸ਼ਬੀਹ ਮਾਂ ਦੀ ਦਿੱਤੀ ਜਾਇਆ ਕਰਦੀ ਹੈ। 'ਮਾਵਾਂ ਠੰਡੀਆਂ ਛਾਵਾਂ' ਲੋਕ ਪ੍ਰਸਿੱਧ ਹੈ। ਕਹਿਣ ਦਾ ਭਾਵ ਕਿ ਮਾਤਾ ਜੀ ਦਾ ਵਤੀਰਾ ਸਭ ਆਏ ਗਏ ਨਾਲ ਮਾਂ ਵਰਗਾ ਸੁਖਦਾਈ ਸੀ। ਉਨ੍ਹਾਂ ਹੱਥੋਂ ਲੰਗਰ ਦੀ ਦੌਲਤ ਵੰਡੀ ਜਾਂਦੀ ਸੀ ਤੇ ਦੁੱਧ ਘਿਉ ਵਾਲੀ ਅੰਮ੍ਰਿਤ ਰਸ ਖੀਰ ਪ੍ਰਾਪਤ ਹੁੰਦੀ ਸੀ।

ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਆਇਆ। ਆਪ ਦੇਖ ਰਹੇ ਸਨ ਕਿ ਸੰਗਤਾਂ ਗੋਇੰਦਵਾਲ ਸਾਹਿਬ ਆਉਂਦੀਆਂ ਹਨ, ਕੀਰਤਨ ਸੁਣਦੀਆਂ ਹਨ, ਬਚਨ ਵੀ ਗੁਰੂ ਨਾਲ ਕਰਦੀਆਂ ਹਨ, ਸੇਵਾ ਵੀ ਕਰਦੀਆਂ ਹਨ ਪਰ ਜਦ ਲੰਗਰ ਦਾ ਸਮਾਂ ਆਉਂਦਾ ਹੈ ਤਾਂ ਵਰਣ ਭੇਦ ਨੂੰ ਮਨੋਂ ਨਾ ਭੁਲਾ ਸਕਣ ਵਾਲੇ ਕਈ ਵਾਰ ਵੱਖਰੀਆਂ ਪੰਗਤਾਂ ਲਗਾ ਲੈਂਦੇ ਹਨ ਅਤੇ ਕਈ ਵਾਰ ਲੰਗਰ ਛਕੇ ਬਗੈਰ ਚਲੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੋ ਥਾਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਮਰਿਯਾਦਾ ਤੋਰੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਵੀ ਇਸ ਦੀ ਪੂਰੀ ਸੰਭਾਲ ਕਰਦੇ ਰਹੇ। ਪਰ ਤੀਜੇ ਪਾਤਸ਼ਾਹ ਨੇ ਮਹਿਸੂਸ ਕੀਤਾ ਕਿ ਕਰੜਾਈ ਵਰਤਣ ਦੀ ਲੋੜ ਹੈ। ਸਦੀਆਂ ਤੋਂ ਪਕਿਆ ਸੁਭਾਅ ਬਦਲਣ ਲਈ ਮਿਹਨਤ ਵੀ ਕਰੜੀ ਕਰਨੀ ਪੈਣੀ ਸੀ। ਆਪ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਫ਼ੁਰਮਾਇਆ :

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**

**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥ ਰਹਾਉ॥**

**ਚਾਰੇ ਵਰਨ ਆਖੈ ਸਭੁ ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥੨॥**

**ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥੩॥ ( ॥੫॥੧॥)**

**(ਰਾਗੁ ਭੈਰਉ ਮ. ੩, ਪੰਨਾ : ੧੧੨੭)**

****

**ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥**

**ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥੭॥ ( ॥੮॥੮॥੩੦॥)**

**(ਆਸਾ ਮ. ੩, ਪੰਨਾ : ੪੨੯)**

****

**ਆਗੈ ਜਾਤਿ ਰੂਪੁ ਨ ਜਾਇ॥**

**ਤੇਹਾ ਹੋਵੈ ਜੇਹੇ ਕਰਮ ਕਮਾਇ॥...॥੪॥੮॥੪੭॥**

**(ਆਸਾ ਮ. ੩, ਪੰਨਾ : ੩੬੩)**

ਗੁਰਬਾਣੀ ਰਾਹੀਂ ਪ੍ਰੇਰਨਾ ਦੇਣ ਦੇ ਨਾਲ-ਨਾਲ ਆਪ ਨੇ ਹੁਕਮ ਦਿੱਤਾ ਕਿ ਪੰਗਤ ਵਿਚ ਨਾ ਬੈਠਣ ਵਾਲਾ ਹੁਣ ਸੰਗਤ ਵਿਚ ਵੀ ਨਹੀਂ ਬੈਠ ਸਕੇਗਾ। ਆਪ ਨੇ ਨੋਟਿਸ ਲਾ ਰੱਖਿਆ ਸੀ, 'ਪਹਿਲੇ ਪੰਗਤ ਪਾਛੈ ਸੰਗਤ।' ਸੂਰਜ ਪ੍ਰਕਾਸ਼ ਦਾ ਕਰਤਾ ਲਿਖਦਾ ਹੈ :

**ਪ੍ਰਥਮ ਦੇਗ ਮਹਿ ਜਾਇ ਕੇ ਭੋਜਨ ਕੋ ਖਾਵੈ॥**

**ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰ ਢਿਗ ਆਵੈ॥**

ਇਸ ਹੁਕਮ ਅਨੁਸਾਰ ਹਰ ਜਾਤੀ ਅਤੇ ਹਰ ਰੁਤਬੇ ਦੇ ਆਦਮੀ ਨੂੰ ਇਕੋ ਪੰਗਤ ਵਿਚ ਲੰਗਰ ਛਕਣਾ ਪੈਂਦਾ ਸੀ। ਜਾਤੀ-ਭੇਦ ਨੂੰ ਕਰਾਰੀ ਚੋਟ ਵੱਜੀ। ਗੁਰੂ ਸਾਹਿਬ ਜਾਣਦੇ ਸਨ ਕਿ ਇਸ ਹੁਕਮ ਦੀ ਵਿਰੋਧਤਾ ਹੋਏਗੀ, ਵਿਰੋਧਤਾ ਹੋਈ ਵੀ, ਪਰ ਆਪ ਨੇ ਸ਼ਾਂਤ ਚਿੱਤ ਰਹਿ ਕੇ ਹਰ ਔਕੜ ਦਾ ਸਾਹਮਣਾ ਕੀਤਾ। ਪਰਬਤ ਵਰਗੀ ਮਜ਼ਬੂਤ ਤੇ ਅਡੋਲ ਸ਼ਖ਼ਸੀਅਤ ਸਾਹਮਣੇ ਕਿਸੇ ਦੀ ਪੇਸ਼ ਨਾ ਗਈ :

**ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥...॥੬॥ ( ॥੮॥੧॥)**

**(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ : ੯੬੮)**

ਡਾ. ਗੰਡਾ ਸਿੰਘ ਅਨੁਸਾਰ ਹਰੀਪੁਰ ਦੇ ਰਾਜੇ ਅਤੇ ਸਮਰਾਟ ਅਕਬਰ ਵਰਗਿਆਂ ਨੂੰ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਪੰਡਤ ਮਾਈ ਦਾਸ, ਜਿਸ ਨੇ ਪਹਿਲਾਂ ਲੰਗਰ ਛਕਣੋਂ ਮੂੰਹ ਮੋੜਿਆ, ਅੰਤ ਗੁਰੂ ਘਰ ਵਿਚ ਪਹੁੰਚਣ ਲਈ ਮਨੁੱਖੀ ਘ੍ਰਿਣਾ ਤਿਆਗ ਪੰਗਤ ਵਿਚ ਜਾ ਬੈਠਾ। ਜਾਤ-ਪਾਤ, ਘ੍ਰਿਣਾ, ਭ੍ਰਿਸ਼ਟਾਚਾਰ ਤੇ ਊਚ-ਨੀਚ ਦੇ ਭਿਆਨਕ ਰੋਗਾਂ ਨਾਲ ਜਕੜਿਆ ਸਮਾਜ ਨਰੋਆ ਹੋ ਗਿਆ। ਲੰਗਰ ਦੀ

ਪ੍ਰਥਾ ਨੇ ਲੋਕਾਂ ਵਿਚ ਸਾਹਸ ਤੇ ਏਕਤਾ ਨੂੰ ਜਨਮ ਦਿੱਤਾ। ਗਰੀਬ ਜਨਤਾ ਨੂੰ ਨਵੀਂ ਜ਼ਿੰਦਗੀ ਜੀਣ ਦਾ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਸੰਗਤ ਨਾਲ ਪੰਗਤ ਨੂੰ ਜੋੜਨਾ ਇਕ ਅਜਿਹਾ ਕਾਰਨਾਮਾ ਸਿੱਧ ਹੋਇਆ ਜਿਸ ਦੀ ਮਿਸਾਲ ਦੁਨੀਆ ਭਰ ਵਿਚ ਨਹੀਂ ਮਿਲਦੀ। ਸੌ ਸੁਨਿਆਰ ਦੀ ਤੇ ਇਕ ਲੁਹਾਰ ਦੀ। ਜਾਤ-ਪਾਤ ਤੋੜਨ ਦੇ ਸਭ ਯਤਨ ਇਕ ਪਾਸੇ ਤੇ ਸੰਗਤ-ਪੰਗਤ ਇਕੱਠੀ ਕਰਨੀ ਇਕ ਪਾਸੇ। ਊਚ-ਨੀਚ, ਨਸਲ, ਕੌਮ, ਧਰਮ, ਜਾਤੀ ਆਦਿ ਦੇ ਭੇਦ-ਭਾਵ ਇਕ ਦਮ ਨਸ਼ਟ ਹੋ ਗਏ। ਇਕ ਖ਼ਾਲਸਾ ਭਾਈਚਾਰਾ ਹੋਂਦ ਵਿਚ ਆਇਆ। ਇਕ ਜ਼ਬਰਦਸਤ ਜਨਤਕ ਲਹਿਰ ਤੇ ਇਕ ਨਿੱਗਰ ਧਾਰਮਿਕ ਅੰਦੋਲਨ ਭਾਰਤ ਦੇ ਨਿੱਘਰ ਚੁੱਕੇ ਤੇ ਡਾਵਾਂਡੋਲ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ ਆਰੰਭ ਹੋਇਆ।

ਲੰਗਰ ਦੀ ਪ੍ਰਥਾ ਨਾਲ ਅਵੱਸ਼ ਰੂਪ ਵਿਚ ਧਰਮ ਦੀ ਅਰਥਾਤ ਦਸਾਂ ਨਹੁੰਆਂ ਦੀ ਕਿਰਤ ਜੁੜੀ ਹੋਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਧਰਮ ਦੀ ਕਿਰਤ ਕੀਤੀ ਤੇ ਸਿੱਖਾਂ ਨੂੰ ਵਿਹਲੇ ਰਹਿਣ ਤੋਂ ਵਰਜਿਆ। ਹਿੰਦੂ ਧਰਮ ਵਿਚ ਤਿਆਗ 'ਤੇ ਜ਼ੋਰ ਦਿੱਤਾ ਜਾਂਦਾ ਸੀ। ਨਤੀਜੇ ਵਜੋਂ ਘਰ-ਬਾਰ ਤਿਆਗ ਕੇ ਜੋਗੀ ਬਣੇ ਲੋਕ ਵਿਹਲੜ ਹੋ ਜਾਂਦੇ ਸਨ। ਨਾ ਖੱਟਣਾ, ਨਾ ਕਮਾਉਣਾ, ਨਾ ਕੰਮ ਕਰਨਾ, ਨਾ ਸੇਵਾ ਕਰਨੀ। ਲੋੜ ਪੈਣ 'ਤੇ ਦੂਜਿਆਂ ਕੋਲੋਂ ਮੰਗ ਕੇ ਗੁਜ਼ਾਰਾ ਕਰ ਲੈਣਾ। ਗੁਰੂ ਸਾਹਿਬ ਨੇ ਤਿਆਗਵਾਦ ਨੂੰ ਨਕਾਰ ਕੇ ਗ੍ਰਿਹਸਤ ਮਾਰਗ ਦੀ ਪਾਬੰਦੀ ਲਾਗੂ ਕਰ ਦਿੱਤੀ। ਕਿਰਤ ਉੱਤੇ ਜ਼ੋਰ ਦੇ ਕੇ ਆਰਥਿਕ ਪ੍ਰਾਧੀਨਤਾ ਨੂੰ ਪੂਰਨ ਤੌਰ 'ਤੇ ਰੱਦ ਕਰ ਦਿੱਤਾ।

ਜਦੋਂ ਲੰਗਰ ਪ੍ਰਥਾ ਦਾ ਆਰੰਭ ਹੋਇਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਗੱਲ ਦਾ ਖਾਸ ਖਿਆਲ ਰੱਖਦੇ ਸਨ ਕਿ ਇਹ ਲੰਗਰ ਵਿਹਲੀਆਂ ਖਾ ਕੇ ਹੱਡਰਖ ਜੀਵਨ ਬਸਰ ਵਾਲਿਆਂ ਆਲਸੀਆਂ ਤੇ ਮਾੜੇ ਪੁਰਸ਼ਾਰਥ ਹੀਣ ਲੋਕਾਂ ਦਾ ਅੱਡਾ ਨਾ ਬਣ ਜਾਵੇ। ਇਸ ਕਰਕੇ ਆਪ ਦਾ ਯਤਨ ਇਹੀ ਹੁੰਦਾ ਕਿ ਦਸਾਂ ਨਹੁੰਆਂ ਦੀ ਕਿਰਤ ਨਾਲ ਕਰਵਾਈਆਂ ਖੇਤੀਆਂ ਦਾ ਅੰਨ ਹੀ ਲੰਗਰ ਵਿਚ ਪਵੇ। "ਘਾਲਿ ਖਾਇ ਕਿਛੁ ਹਥਹੁ ਦੇਇ ॥" ਦਾ ਆਦਰਸ਼ ਸਾਹਮਣੇ ਰੱਖਿਆ।

ਸਿੱਖੀ ਵਿਚ ਸੇਵਾ ਦੀ ਬਹੁਤ ਮਹਾਨਤਾ ਹੈ। ਬਲਕਿ ਸੇਵਾ ਸਿੱਖੀ ਦਾ ਪਹਿਲਾ ਸਬਕ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਬਜ਼ੁਰਗੀ ਦੀ ਅਵਸਥਾ ਵਿਚ ਗੁਰੂ ਸੇਵਾ ਦੇ ਜੋ ਪੂਰਨੇ ਪਾਏ ਉਹ ਕਿਸੇ ਤੋਂ ਗੁੱਝੇ ਨਹੀਂ। ਆਪ ਸੇਵਾ ਨੂੰ ਸਰੀਰ ਦੀ ਸਫ਼ਲਤਾ ਜਾਣਦੇ ਸਨ। 'ਲੰਗਰ' ਸੇਵਾ ਦਾ ਭਰਪੂਰ ਮੌਕਾ ਬਖ਼ਸ਼ਦਾ ਹੈ। ਸੇਵਾ ਕਰਦਿਆਂ ਸਿੱਖ 'ਹਉ' ਨਹੀਂ ਧਾਰਦਾ ਕਿਉਂਕਿ ਉਹ ਜਾਣਦਾ ਹੈ ਕਿ ਉਹ ਕਿਸੇ ਹੋਰ ਦੀ ਨਹੀਂ, ਗੁਰੂ ਕੇ ਲੰਗਰ ਦੀ ਸੇਵਾ ਕਰ ਰਿਹਾ ਹੈ। ਸੇਵਾ ਕਰਕੇ ਉਹ ਗੁਰੂ ਨੂੰ ਰਿਝਾਉਂਦਾ ਹੈ। ਲੰਗਰ ਗੁਰੂ ਕਾ ਆਸ਼ਰਮ ਹੈ ਤੇ ਲੰਗਰ ਵਿਚ ਗੁਰੂ ਵਰਤਦਾ ਹੈ, ਤਦੇ ਹੀ ਤਾਂ ਲੰਗਰ ਵਿਚ ਕਦੇ ਤੋਟ ਨਹੀਂ ਆਉਂਦੀ। ਲੰਗਰ ਮੁਫ਼ਤ ਖੋਰਿਆਂ ਦਾ ਰਸੋਈ ਘਰ ਨਹੀਂ।

ਇਸੇ ਲਈ ਸਿੱਖ ਗੁਰੂ ਕੇ ਲੰਗਰ ਦੀ 'ਝਾਕ' ਨਹੀਂ ਰੱਖਦਾ, ਲੰਗਰ ਵਿਚੋਂ ਪ੍ਰਸ਼ਾਦ ਮਾਤਰ ਲੈ ਕੇ ਕ੍ਰਿਤਾਰਥ ਹੁੰਦਾ ਹੈ। ਲੰਗਰ ਇਕ ਪਵਿੱਤਰ ਦਾਤ ਹੈ ਤੇ ਸਤਿਕਾਰ ਸਹਿਤ ਅੰਗੀਕਾਰ ਕੀਤੀ ਜਾਂਦੀ ਹੈ। ਲੰਗਰ ਵਿਚ ਕੋਈ ਮੰਗਤਾ ਨਹੀਂ, ਸਭ ਦਾਤੇ ਹਨ। ਜਿਹੜਾ ਉਠ ਕੇ ਸੇਵਾ ਕਰਨ ਲੱਗ ਪਿਆ, ਦਾਤਾ ਬਣ ਗਿਆ। ਵਰਤਮਾਨ ਸਮੇਂ ਵਿਚ ਆਰਥਿਕ ਨਾ-ਬਰਾਬਰੀ ਨੂੰ ਦੂਰ ਕਰਨ ਦੇ ਯਤਨਾਂ ਵਿਚ ਕਈ ਵੱਡੀਆਂ ਸਲਤਨਤਾਂ ਦੇ ਦਿਮਾਗੀ ਫ਼ਲਸਫੇ ਤੇ ਸਿਧਾਂਤ ਜਿਥੇ ਅਸਫ਼ਲ ਰਹੇ ਹਨ ਉਥੇ ਸਾਂਝੀ ਦੇਗ, ਗੁਰੂ ਕਾ ਲੰਗਰ, ਸੰਗਤ-ਪੰਗਤ ਵਿਚ ਇਕ ਸਮਾਨ ਵਰਤਾਰਾ ਇਸ ਅਸਮਾਨਤਾ ਦਾ ਇਕੋ ਇਕ ਹੱਲ ਹੈ।

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ ( ॥੩॥੮॥)**
**(ਕਾਨੜਾ ਮ. ੫, ਪੰਨਾ : ੧੨੯੯)**

---

ਫ਼ੋਨ : 98154-74171


# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

**SO KAHIYAT HAI SOORA is Online available at:**
**1.www.akj.org 2.www.akjmagazine.com**
**3.Face book 4.Whatsapp**



Postal Registration No.CHD/0178/2015-2017

